ਜਲੰਧਰ ਬਾਈਪਾਸ ਚੌਕ 'ਚ ਬਾਬਾ ਸਾਹਿਬ ਦੇ ਬੁੱਤ ਦਾ ਸ਼ੀਸ਼ਾ ਪੱਥਰ ਮਾਰ ਕੇ ਤੋੜਿਆ

■ 4 ਮਹੀਨਿਆਂ 'ਚ ਤੀਜੀ ਵਾਰ ਵਾਪਰੀ ਘਟਨਾ ਤੋਂ ਬਾਅਦ ਦਲਿਤ ਸਮਾਜ ਨੇ ਕੀਤੀ ਨਾਅਰੇਬਾਜ਼ੀ, ਮੁਲਜ਼ਮ ਔਰਤ ਗ੍ਰਿਫ਼ਤਾਰ

ਲੁਧਿਆਣਾ, 30 ਅਕਤੂਬਰ (ਅਨਿਲ)-ਥਾਣਾ ਸਲੇਮ ਟਾਬਰੀ ਅਧੀਨ ਆਉਂਦੇ ਜਲੰਧਰ ਬਾਈਪਾਸ ਚੌਕ ਵਿਚ ਸੰਵਿਧਾਨ ਨਿਰਮਾਤਾ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਬਾਬਾ ਸਾਹਿਬ ਜੀ ਦੇ ਬੁੱਤ ਦੀ ਇਕ ਵਾਰ ਫਿਰ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਵੀਰਵਾਰ ਸਵੇਰੇ ਕਰੀਬ 6.47 ਵਜੇ ਇਕ ਔਰਤ ਨੇ ਬੁੱਤ ਦੀ ਸੁਰੱਖਿਆ ਲਈ ਲਗਾਏ ਗਏ ਕੱਚ ਦੇ ਸ਼ੀਸ਼ੇ 'ਤੇ ਪੱਥਰ ਮਾਰ ਕੇ ਉਸ ਨੂੰ ਤੋੜ ਦਿੱਤਾ।


ਜਲੰਧਰ ਬਾਈਪਾਸ ਚੌਕ 'ਚ ਬਾਬਾ ਸਾਹਿਬ ਦੇ ਬੁੱਤ ਦੇ ਟੁੱਟੇ ਹੋਏ ਸ਼ੀਸ਼ੇ ਅਤੇ ਮੌਕੇ 'ਤੇ ਪੁਲਸ ਅਧਿਕਾਰੀਆਂ ਨੂੰ ਜਾਣਕਾਰੀ ਦਿੰਦੇ ਹੋਏ ਐਡਵੋਕੇਟ ਨਰਿੰਦਰ ਆਦੀਆ ਤੇ ਹੋਰ। (ਅਰੋੜਾ)

ਘਟਨਾ ਦੀ ਸੂਚਨਾ ਮਿਲਣ 'ਤੇ ਐਡਵੋਕੇਟ ਨਰਿੰਦਰ ਆਦੀਆ ਅਤੇ ਚੌਧਰੀ ਯਸ਼ਪਾਲ ਸਮੇਤ ਦਲਿਤ ਸਮਾਜ ਦੇ ਸੈਂਕੜੇ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੱਸਿਆ ਕਿ ਪਿਛਲੇ 4 ਮਹੀਨਿਆਂ ਦੌਰਾਨ ਇਸੇ ਥਾਂ 'ਤੇ ਬਾਬਾ ਸਾਹਿਬ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਇਹ ਤੀਜੀ ਘਟਨਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਲੇਮ ਟਾਬਰੀ ਦੇ ਮੁਖੀ ਜਸਬੀਰ ਸਿੰਘ ਗਿੱਲ ਨੇ ਦੱਸਿਆ ਕਿ ਸੂਚਨਾ ਮਿਲਦਿਆਂ ਹੀ ਪੁਲਸ ਨੇ ਤੁਰੰਤ ਕਾਰਵਾਈ ਸ਼ੁਰੂ ਕੀਤੀ। ਮੌਕੇ 'ਤੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲਣ 'ਤੇ ਇਕ ਔਰਤ ਬੁੱਤ ਦੇ ਸ਼ੀਸ਼ੇ 'ਤੇ ਪੱਥਰ ਮਾਰਦੀ ਦਿਖਾਈ ਦਿੱਤੀ। ਪੁਲਸ ਨੇ ਮੁਸ਼ਤੈਦੀ ਦਿਖਾਉਂਦਿਆਂ ਕੁਝ ਹੀ ਘੰਟਿਆਂ ਵਿਚ ਮੁਲਜ਼ਮ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ। ਫੜੀ ਗਈ ਔਰਤ ਦੀ ਪਛਾਣ ਮੀਨੂ (45) ਵਜੋਂ ਹੋਈ ਹੈ, ਜੋ ਜਲੰਧਰ ਬਾਈਪਾਸ ਚੌਕ ਨੇੜੇ ਸੜਕ ਕਿਨਾਰੇ ਝੁੱਗੀ ਬਣਾ ਕੇ ਰਹਿੰਦੀ ਹੈ।

ਪੰਜਾਬ ਦੀ ਜਵਾਨੀ ਸੂਬੇ ਦੀ ਅਸਲ ਤਾਕਤ : ਝਿੰਜਰ

■ ਗਿੱਦੜਬਾਹਾ, ਮੁਕਤਸਰ ਤੇ ਮਲੋਟ ਦੇ ਨੌਜਵਾਨਾਂ ਨਾਲ ਕੀਤਾ ਸਿੱਧਾ ਸੰਪਰਕ

ਘਨੌਰ, 30 ਅਕਤੂਬਰ (ਸ. ਹ.)-ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਘਨੌਰ ਇੰਚਾਰਜ ਸਰਬਜੀਤ ਸਿੰਘ ਝਿੰਜਰ ਨੇ ਵੀਰਵਾਰ ਨੂੰ ਹਲਕਾ ਗਿੱਦੜਬਾਹਾ, ਹਲਕਾ ਸ੍ਰੀ ਮੁਕਤਸਰ ਸਾਹਿਬ ਅਤੇ ਮਲੋਟ ਵਿਖੇ ਯੂਥ ਮਿਲਣੀਆਂ ਦੀ ਲੜੀ ਸ਼ੁਰੂ ਕਰਦਿਆਂ ਨੌਜਵਾਨਾਂ ਨਾਲ ਪੰਜਾਬ ਦੇ ਭਵਿੱਖ, ਰੋਜ਼ਗਾਰ ਦੇ ਮੌਕਿਆਂ ਅਤੇ ਸੂਬੇ ਦੇ ਨੌਜਵਾਨਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਗਿੱਦੜਬਾਹਾ ਵਿਖੇ ਮਿਲਣੀ ਹਲਕਾ ਇੰਚਾਰਜ ਗੁਰਵਿੰਦਰ ਸਿੰਘ ਬਣਵਾਲਾ ਦੀ ਅਗਵਾਈ ਹੇਠ, ਸ੍ਰੀ ਮੁਕਤਸਰ ਸਾਹਿਬ ਵਿਖੇ ਇਕੱਠ ਹਲਕਾ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੀ ਅਗਵਾਈ ਹੇਠ ਅਤੇ ਮਲੋਟ ਵਿਖੇ ਮਿਲਣੀ ਹਲਕਾ ਇੰਚਾਰਜ ਹਰਪ੍ਰੀਤ ਸਿੰਘ ਕੋਟਭਾਈ ਦੀ ਅਗਵਾਈ ਹੇਠ ਹੋਈ। ਤਿੰਨੋਂ ਥਾਵਾਂ 'ਤੇ ਨੌਜਵਾਨ ਵੱਡੀ ਗਿਣਤੀ ਵਿਚ ਪਹੁੰਚੇ, ਜਿੱਥੇ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਿੱਧੇ ਤੌਰ 'ਤੇ ਸੁਣਿਆ।



ਸਰਬਜੀਤ ਸਿੰਘ ਝਿੰਜਰ ਨੂੰ ਸਨਮਾਨਿਤ ਕਰਦੇ ਅਹੁਦੇਦਾਰ।

ਇਕੱਠਾਂ ਨੂੰ ਸੰਬੋਧਨ ਕਰਦਿਆਂ ਝਿੰਜਰ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਸੂਬੇ ਦੀ ਅਸਲ ਤਾਕਤ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਨੌਜਵਾਨਾਂ ਦੇ ਸੁਪਨਿਆਂ ਨੂੰ ਨਵੀਂ ਉਡਾਣ ਦੇਣ, ਉਨ੍ਹਾਂ ਲਈ ਬਿਹਤਰ ਮੌਕੇ ਪੈਦਾ ਕਰਨ ਅਤੇ ਪੰਜਾਬ ਨੂੰ ਮੁੜ ਤਰੱਕੀ ਦੀਆਂ ਲੀਹਾਂ 'ਤੇ ਲਿਆਉਣ ਲਈ ਵਚਨਬੱਧ ਰਿਹਾ ਹੈ।

ਇਸ ਮੌਕੇ ਹਰਿੰਦਰ ਸਿੰਘ ਹਿੰਦਾ ਲੋਕ ਸਭਾ ਇੰਚਾਰਜ ਮੁਕਤਸਰ ਯੂਥ ਅਕਾਲੀ ਦਲ, ਨਵਜਿੰਦਰ ਸਿੰਘ ਜ਼ਿਲਾ ਪ੍ਰਧਾਨ ਯੂਥ ਅਕਾਲੀ ਦਲ, ਪ੍ਰਭਜੋਤ ਸਿੰਘ ਧਾਲੀਵਾਲ ਮੁੱਖ ਬੁਲਾਰਾ ਪੰਜਾਬ ਯੂਥ ਅਕਾਲੀ ਦਲ, ਜਿੰਮੀ ਬਰਾੜ ਹਲਕਾ ਪ੍ਰਧਾਨ ਯੂਥ ਅਕਾਲੀ ਦਲ, ਦਵਿੰਦਰ ਸਿੰਘ ਗੁਰਨਾ, ਸੰਦੀਪ ਸਿੰਘ ਬਾਠ, ਮਨਜਿੰਦਰ ਸਿੰਘ ਬਿੱਟੂ, ਮੁਕਤਸਰ ਲੋਕ ਸਭਾ ਇੰਚਾਰਜ ਲੱਪੀ ਈਨਾਖੇੜਾ, ਲਖਵਿੰਦਰ ਸਿੰਘ ਰੋਹੀਵਾਲਾ ਆਬਜ਼ਰਵਰ, ਮੁਕਤਸਰ ਦਿਹਾਤੀ ਪ੍ਰਧਾਨ ਮਨਵੀਰ ਸਿੰਘ ਸਰਾਂ, ਜਗਜੀਤ ਸਿੰਘ ਜੱਗਾ ਸਰਪੰਚ ਹਲਕਾ ਪ੍ਰਧਾਨ, ਕੁਲਦੀਪ ਸਿੰਘ ਬਰਾੜ ਸਰਕਲ ਪ੍ਰਧਾਨ, ਸੁਖਚੈਨ ਸਿੰਘ, ਗੁਰਪਿੰਦਰ ਸਿੰਘ, ਜਸਪਾਲ ਸਿੰਘ, ਸ਼ਹਿਬਾਜ਼ ਸਿੰਘ, ਯਾਦਵਿੰਦਰ ਸਿੰਘ, ਹਰਦੀਪ ਸਿੰਘ ਗੱਬਰ ਤਾਜੀ ਕੋਰ ਕਮੇਟੀ ਮੈਂਬਰ, ਜਗਤਾਰ ਸਿੰਘ ਪੱਪੀ ਸਰਪੰਚ ਨਾਲ ਸਮੂਹ ਸਰਕਲ ਪ੍ਰਧਾਨ ਅਤੇ ਵਰਕਰ ਸਾਹਿਬਾਨ ਹਾਜ਼ਰ ਸਨ।

ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਮਿਲੇ ਅਮਰਜੀਤ ਜੌੜਾ

■ ਬੁਲਾਰੀਆ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਆਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਹੋਈ ਵਿਚਾਰ-ਚਰਚਾ

ਅੰਮ੍ਰਿਤਸਰ, 30 ਅਕਤੂਬਰ (ਸਰਬਜੀਤ)-ਵਿਧਾਨ ਸਭਾ ਹਲਕਾ ਦੱਖਣੀ ਅਧੀਨ ਆਉਂਦੇ ਵਾਰਡ ਨੰਬਰ 47 ਦੇ ਕਾਂਗਰਸੀ ਇੰਚਾਰਜ ਅਮਰਜੀਤ ਸਿੰਘ ਜੌੜਾ ਨੇ ਆਪਣੇ ਸਾਥੀਆਂ ਸਮੇਤ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਰਾਣਾ ਗੁਰਜੀਤ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਸਨਮਾਨਿਤ ਕੀਤਾ।


ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਸਨਮਾਨਿਤ ਕਰਦੇ ਅਮਰਜੀਤ ਸਿੰਘ ਜੌੜਾ। (ਸਰਬਜੀਤ)

ਮੁਲਾਕਾਤ ਦੌਰਾਨ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ, ਸੂਬਾ ਸਰਕਾਰ ਦੀ ਕਾਰਗੁਜ਼ਾਰੀ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹੋਈ ਇਸ ਮੁਲਾਕਾਤ ਵਿਚ ਕਾਂਗਰਸ ਪਾਰਟੀ ਦੀਆਂ ਭਵਿੱਖੀ ਰਣਨੀਤੀਆਂ ਅਤੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਸਬੰਧੀ ਵੀ ਚਰਚਾ ਕੀਤੀ ਗਈ। ਇਸ ਮੌਕੇ ਜਤਿੰਦਰ ਸਿੰਘ ਬੱਬੂ ਜੌੜਾ ਸਮੇਤ ਹੋਰ ਸਾਥੀ ਵੀ ਮੌਜੂਦ ਸਨ।

ਗੱਲਬਾਤ ਦੌਰਾਨ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਦਾ ਸਮਾਂ ਆਉਣ 'ਤੇ ਹਿਸਾਬ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਲਗਾਤਾਰ ਉਠਾਉਂਦੀ ਰਹੇਗੀ। ਇਸ ਮੌਕੇ ਅਮਰਜੀਤ ਸਿੰਘ ਜੌੜਾ ਨੇ ਕਿਹਾ ਕਿ ਉਨ੍ਹਾਂ ਅਨੁਸਾਰ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ।

ਅਮਰਜੀਤ ਸਿੰਘ ਜੌੜਾ ਨੇ ਇਹ ਵੀ ਕਿਹਾ ਕਿ ਉਹ ਚਰਨਜੀਤ ਸਿੰਘ ਚੰਨੀ ਨੂੰ ਮੁੜ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੇਖਣਾ ਪਸੰਦ ਕਰਨਗੇ। ਉਨ੍ਹਾਂ ਮੁਤਾਬਕ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਕਾਂਗਰਸੀ ਵਰਕਰਾਂ ਵਿੱਚ ਉਤਸ਼ਾਹ ਹੈ ਅਤੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਯਤਨ ਜਾਰੀ ਹਨ।

ਭਾਵਨਾ ਨਾਲ ਕੀਤੀ ਸੇਵਾ ਕਦੇ ਵੀ ਵਿਅਰਥ ਨਹੀ ਜਾਂਦੀ, ਉਸ ਦਾ ਮਨੁੱਖ ਨੂੰ ਫਲ ਜ਼ਰੂਰ ਮਿਲਦੈ : ਸੰਤ ਭੂਰੀ ਵਾਲੇ

ਅੰਮ੍ਰਿਤਸਰ, 30 ਅਕਤੂਬਰ (ਛੀਨਾ)-ਮਹਾਨ ਤਪੱਸਵੀ ਨਾਮ ਦੇ ਰਸੀਏ ਸੰਤ ਬਾਬਾ ਜੈਮਲ ਸਿੰਘ, ਸੰਤ ਬਾਬਾ ਗੁਰਦਿਆਲ ਸਿੰਘ, ਸੰਤ ਬਾਬਾ ਨਾਮਦਾਨ ਸਿੰਘ ਤੇ ਸੇਵਿਕਾ ਬੀਬੀ ਹਰਜਿੰਦਰ ਕੌਰ ਦੀ ਨਿੱਘੀ ਯਾਦ 'ਚ ਡੇਰਾ ਬਾਬਾ ਭੂਰੀ ਵਾਲੇ ਨਿਰਮਲੇ ਤਪੋਬਨ ਤਰਨ ਤਾਰਨ ਰੋਡ ਵਿਖੇ ਮਨਾਏ ਗਏ ਸਲਾਨਾ ਬਰਸੀ ਸਮਾਗਮ 'ਚ ਦੇਸ਼ ਦੇ ਕੋਨੇ-ਕੋਨੇ 'ਚੋਂ ਪਹੁੰਚੇ ਸਾਧੂਆਂ ਅਤੇ ਸੰਗਤਾਂ ਦੀ ਦਿਨ ਰਾਤ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਮਾਣ ਸਨਮਾਨ ਦਿੰਦਿਆਂ ਮਹਾਪੁਰਸ਼ ਸੰਤ ਬਾਬਾ ਕਸ਼ਮੀਰ ਸਿੰਘ ਤੇ ਸੰਤ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਨੇ ਕਿਹਾ ਕਿ ਸਾਧੂਆਂ ਤੇ ਸੰਗਤਾਂ ਦੀ ਸ਼ਰਧਾ ਭਾਵਨਾ ਨਾਲ ਕੀਤੀ ਸੇਵਾ ਕਦੇ ਵੀ ਵਿਅਰੱਥ ਨਹੀ ਜਾਂਦੀ ਉਸ ਦਾ ਮਨੁੱਖ ਨੂੰ ਜ਼ਰੂਰ ਫਲ ਮਿਲਦਾ ਹੈ।


ਸੰਤ ਬਾਬਾ ਕਸ਼ਮੀਰ ਸਿੰਘ ਤੇ ਸੰਤ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਦੀ ਫਾਈਲ ਫੋਟੋ।

ਉਨ੍ਹਾਂ ਕਿਹਾ ਕਿ ਬਰਸੀ ਸਮਾਗਮ 'ਚ ਪਿਛਲੇ ਕਈ ਦਿਨਾ ਤੋਂ ਲਗਾਤਾਰ ਦਿਨ ਰਾਤ ਸੇਵਾ ਨਿਭਾਉਣ ਵਾਲੇ ਸਾਰੇ ਹੀ ਸੇਵਾਦਾਰ ਵਡਭਾਗੀ ਹਨ। ਸੰਤ ਬਾਬਾ ਕਸ਼ਮੀਰ ਸਿੰਘ ਤੇ ਸੰਤ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਨੇ ਕਿਹਾ ਕਿ ਮਹਾਪੁਰਸ਼ ਨਾਮਬਾਣੀ ਤੇ ਸੇਵਾ ਦੀ ਵੱਡੀ ਕਮਾਈ ਵਾਲੇ ਹੁੰਦੇ ਹਨ ਜਿੰਨਾ ਦੀ ਸੇਵਾ ਅਤੇ ਸੰਗਤ ਕਰਨ ਨਾਲ ਮਨੁੱਖ ਦੇ ਅਣਗਿਣਤ ਦੁੱਖ ਦੂਰ ਹੋ ਜਾਂਦੇ ਹਨ। ਮਹਾਪੁਰਸ਼ ਭੂਰੀ ਵਾਲਿਆਂ ਨੇ ਕਿਹਾ ਕਿ ਬਰਸੀ ਸਮਾਗਮ ਮਨਾਉਣ 'ਚ ਪੁਲਸ ਪ੍ਰਸ਼ਾਸਨ ਵਲੋਂ ਮਿਲੇ ਅਹਿਮ ਸਹਿਯੋਗ ਲਈ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਤੇ ਉਨਾ ਦੇ ਅਧਿਕਾਰੀਆਂ ਦਾ ਅਸੀਂ ਧੰਨਵਾਦ ਕਰਦੇ ਹਾਂ, ਜਿੰਨਾ ਵਲੋਂ ਵੱਡੀ ਆਮਦ 'ਚ ਪਹੁੰਚਣ ਵਾਲੀ ਸੰਗਤ ਦੀ ਸੁਰੱਖਿਆ ਅਤੇ ਟ੍ਰੈਫਿਕ ਕੰਟਰੋਲ ਲਈ ਬਾਖ਼ੂਬੀ ਪ੍ਰਬੰਧ ਕੀਤੇ ਗਏ ਸਨ।

ਇਸ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਡੇਰਾ ਬਾਬਾ ਭੂਰੀ ਵਾਲੇ ਦੇ ਮੁੱਖ ਬੁਲਾਰੇ ਰਾਮ ਸਿੰਘ ਭਿੰਡਰ, ਬਾਬਾ ਅਵਤਾਰ ਸਿੰਘ, ਬਾਬਾ ਹੀਰਾ ਸਿੰਘ, ਬਾਬਾ ਨਾਜਰ ਸਿੰਘ, ਬਾਬਾ ਹਰੀ ਸਿੰਘ, ਭਾਈ ਅਮਰਜੀਤ ਸਿੰਘ, ਸੁਖਪਾਲ ਸਿੰਘ ਸ਼ੇਰਗਿੱਲ, ਬਾਬਾ ਪ੍ਰਿਤਪਾਲ ਸਿੰਘ, ਬਾਬਾ ਕੁਲਵਿੰਦਰ ਸਿੰਘ, ਬਾਬਾ ਗੁਰਭੇਜ ਸਿੰਘ, ਬਾਬਾ ਯਾਦਵਿੰਦਰ ਸਿੰਘ, ਬਾਬਾ ਗੁਰਨੂਰ ਸਿੰਘ, ਬਾਬਾ ਜਸ਼ਨਪ੍ਰੀਤ ਸਿੰਘ, ਬਾਬਾ ਸੁੰਦਰ ਸਿੰਘ, ਬਾਬਾ ਹਰਸ਼ਦੀਪ ਸਿੰਘ, ਬਾਬਾ ਗੁਲਾਬ ਸਿੰਘ ਤੇ ਹੋਰ ਵੀ ਸ਼ਖਸੀਅਤਾਂ ਹਾਜ਼ਰ ਸਨ।

ਸਿਰਫ ਭਾਜਪਾ ਕੋਲ ਹੈ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਰਾਜਨੀਤਿਕ ਇੱਛਾ ਸ਼ਕਤੀ : ਮੰਤਰੀ ਸ਼੍ਰੀਨਿਵਾਸੁਲੂ

ਲੁਧਿਆਣਾ, 30 ਅਕਤੂਬਰ (ਗੁਪਤਾ)- ਪੰਜਾਬ ਭਾਜਪਾ ਸੰਗਠਨ ਜਨਰਲ ਸਕੱਤਰ ਮੰਤਰੀ ਸ਼੍ਰੀਨਿਵਾਸੁਲੂ ਨੇ ਇੱਕ ਸਮਾਗਮ ਦੌਰਾਨ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੀ ਰਾਜਨੀਤਿਕ ਇੱਛਾ ਸ਼ਕਤੀ ਸਿਰਫ ਭਾਜਪਾ ਕੋਲ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਨਸ਼ੇ ਦੇ ਮੁੱਦੇ ਨੂੰ ਹਮੇਸ਼ਾ ਵੋਟ ਬੈਂਕ ਲਈ ਵਰਤਿਆ ਹੈ ਅਤੇ ਇਸ ਨੂੰ ਖ਼ਤਮ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ, ਜਦਕਿ ਭਾਜਪਾ ਜੋ ਕਹਿੰਦੀ ਹੈ, ਉਹ ਕਰ ਕੇ ਦਿਖਾਉਂਦੀ ਹੈ।


ਵਰਿੰਦਰ ਸਹਿਗਲ ਪੰਜਾਬ ਭਾਜਪਾ ਸੰਗਠਨ ਜਨਰਲ ਸਕੱਤਰ ਮੰਤਰੀ ਸ਼੍ਰੀਨਿਵਾਸੁਲੂ ਨੂੰ ਸਨਮਾਨਿਤ ਕਰਦੇ ਹਨ, ਉਨ੍ਹਾਂ ਨਾਲ ਪੰਜਾਬ ਭਾਜਪਾ ਜਨਰਲ ਸਕੱਤਰ ਰਜਨੀਸ਼ ਧੀਮਾਨ ਹਨ।

ਇਸ ਦੌਰਾਨ ਲੁਧਿਆਣਾ ਪੂਰਬੀ ਹਲਕੇ ਦੇ ਸੀਨੀਅਰ ਭਾਜਪਾ ਨੇਤਾ ਵਰਿੰਦਰ ਸਹਿਗਲ ਅਤੇ ਪੰਜਾਬ ਭਾਜਪਾ ਜਨਰਲ ਸਕੱਤਰ ਰਜਨੀਸ਼ ਧੀਮਾਨ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ਼੍ਰੀਨਿਵਾਸੁਲੂ ਨੇ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੋਧ ਵਿਚ ਅੰਨ੍ਹੀ ਹੋ ਕੇ ਕਾਂਗਰਸ ਅਨੈਤਿਕ ਰਾਜਨੀਤੀ 'ਤੇ ਉੱਤਰ ਆਈ ਹੈ। ਲਗਾਤਾਰ ਮਿਲ ਰਹੀਆਂ ਚੋਣ ਹਾਰਾਂ ਤੋਂ ਨਿਰਾਸ਼ ਹੋ ਕੇ ਕਾਂਗਰਸੀ ਲੀਡਰਸ਼ਿਪ ਵਲੋਂ ਪ੍ਰਧਾਨ ਮੰਤਰੀ, ਉਨ੍ਹਾਂ ਦੇ ਸਵਰਗਵਾਸੀ ਮਾਪਿਆਂ ਅਤੇ ਸੰਵਿਧਾਨਕ ਸੰਸਥਾਵਾਂ ਵਿਰੁੱਧ ਮੰਦਭਾਗੀ ਸ਼ਬਦਾਵਲੀ ਵਰਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੋਨੀਆ ਗਾਂਧੀ, ਰਾਹੁਲ ਗਾਂਧੀ, ਮੱਲਿਕਾਰਜੁਨ ਖੜਗੇ ਅਤੇ ਮਣੀ ਸ਼ੰਕਰ ਅਈਅਰ ਵਰਗੇ ਆਗੂਆਂ ਦੇ ਬਿਆਨ ਇਹ ਸਪੱਸ਼ਟ ਕਰਦੇ ਹਨ ਕਿ ਕਾਂਗਰਸ ਲੀਡਰਸ਼ਿਪ ਰਾਜਨੀਤਿਕ ਨਿਰਾਸ਼ਾ ਦੇ ਦੌਰ ਵਿਚੋਂ ਲੰਘ ਰਹੀ ਹੈ ਅਤੇ ਰਾਜਨੀਤਿਕ ਭਾਸ਼ਣ ਦੇ ਮਿਆਰ ਨੂੰ ਲਗਾਤਾਰ ਹੇਠਾਂ ਡੇਗ ਰਹੀ ਹੈ।

ਗੁਰਦਾਸਪੁਰ 'ਚ ਰਾਸ਼ਟਰੀ ਤਿਰੰਗੇ ਦਾ ਅਪਮਾਨ, ਕੂੜੇ ਦੇ ਡੰਪ 'ਚ ਸੁੱਟੇ ਮਿਲੇ ਕਰੀਬ 250 ਝੰਡੇ

ਗੁਰਦਾਸਪੁਰ, 30 ਅਕਤੂਬਰ (ਹਰਮਨ, ਵਿਨੋਦ)-ਗੁਰਦਾਸਪੁਰ ਸ਼ਹਿਰ ਅੰਦਰ ਰਾਸ਼ਟਰੀ ਤਿਰੰਗੇ ਦੀ ਮਰਿਆਦਾ ਨਾਲ ਜੁੜਿਆ ਇਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਸ਼ਹਿਰ ਦੇ ਕਲਾਨੌਰ ਰੋਡ 'ਤੇ ਨਗਰ ਕੌਂਸਲ ਵੱਲੋਂ ਰੱਖੇ ਗਏ ਕੂੜੇ ਦੇ ਡੰਪ ਕੰਟੇਨਰ 'ਚ ਕੱਪੜੇ ਦੇ ਬਣੇ ਕਰੀਬ 250 ਰਾਸ਼ਟਰੀ ਝੰਡੇ ਸੁੱਟੇ ਹੋਏ ਮਿਲਣ ਕਾਰਨ ਸਮਾਜ ਸੇਵੀ ਆਗੂਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਸਮਾਜ ਸੇਵੀ ਆਗੂਆਂ ਨੇ ਮੌਕੇ 'ਤੇ ਪਹੁੰਚ ਕੇ ਝੰਡਿਆਂ ਨੂੰ ਇਕੱਠਾ ਕੀਤਾ ਅਤੇ ਇਸ ਸਬੰਧੀ ਥਾਣਾ ਸਿਟੀ ਪੁਲਸ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ।


ਕੂੜੇ ਦੇ ਡੰਪ 'ਤੇ ਪਿਆ ਤਿਰੰਗਾ ਝੰਡਾ। (ਜੀਤ)

ਇਸ ਸਬੰਧੀ ਸਮਾਜ ਸੇਵੀ ਅਤੇ ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਰਿੱਕੀ ਮਹੰਤ ਸਮੇਤ ਪਰਵੀਨ ਕੁਮਾਰ, ਵਰੁਣ ਮਰਵਾਹਾ, ਸ਼ਿਵ ਦੁੱਗਲ ਅਤੇ ਰਾਜੂ ਮਹਾਜਨ ਨੇ ਦੱਸਿਆ ਕਿ ਬੀਤੀ ਸ਼ਾਮ ਉਨ੍ਹਾਂ ਦੇ ਇਕ ਸਾਥੀ ਨੂੰ ਸੂਚਨਾ ਮਿਲੀ ਸੀ ਕਿ ਕਾਲਾ ਨੰਗਲ ਰੋਡ ਸਥਿਤ ਨਗਰ ਕੌਂਸਲ ਦੇ ਕੂੜੇ ਵਾਲੇ ਡੰਪ ਕੰਟੇਨਰ 'ਚ ਰਾਸ਼ਟਰੀ ਤਿਰੰਗੇ ਝੰਡੇ ਪਏ ਹੋਏ ਹਨ। ਇਸ 'ਤੇ ਉਹ ਸਾਰੇ ਤੁਰੰਤ ਮੌਕੇ 'ਤੇ ਪਹੁੰਚੇ ਤਾਂ ਉੱਥੇ ਕੱਪੜੇ ਅਤੇ ਸਿਲਕ ਦੇ ਬਣੇ ਕਰੀਬ ਢਾਈ ਸੌ ਝੰਡੇ ਕੂੜੇ 'ਚ ਸੁੱਟੇ ਹੋਏ ਸਨ। ਇਨ੍ਹਾਂ 'ਚੋਂ ਕਈ ਝੰਡੇ ਕੰਟੇਨਰ ਤੋਂ ਬਾਹਰ ਵੀ ਲਮਕ ਰਹੇ ਸਨ। ਉਨ੍ਹਾਂ ਕਿਹਾ ਕਿ ਰਾਸ਼ਟਰੀ ਤਿਰੰਗਾ ਦੇਸ਼ ਦੀ ਆਨ, ਬਾਨ ਅਤੇ ਸ਼ਾਨ ਦਾ ਪ੍ਰਤੀਕ ਹੈ। ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਅਣਗਿਣਤ ਸੈਨਿਕਾਂ ਨੇ ਇਸ ਦੀ ਮਰਿਆਦਾ ਅਤੇ ਦੇਸ਼ ਦੀ ਇੱਜ਼ਤ ਦੀ ਰਾਖੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਅਜਿਹੇ 'ਚ ਇੰਨੀ ਵੱਡੀ ਗਿਣਤੀ 'ਚ ਰਾਸ਼ਟਰੀ ਝੰਡਿਆਂ ਦਾ ਕੂੜੇ ਦੇ ਡੰਪ 'ਚ ਪਿਆ ਮਿਲਣਾ ਬੇਹੱਦ ਦੁਖਦਾਈ ਹੈ।

ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ 'ਤੇ ਕਾਰਵਾਈ, ਪੰਜ ਸਾਲਾਂ 'ਚ 1,845 ਐੱਫ. ਆਈ. ਆਰਜ਼ ਦਰਜ : ਬਰਿੰਦਰ ਗੋਇਲ



ਚੰਡੀਗੜ੍ਹ/ਜਲੰਧਰ, 30 ਅਕਤੂਬਰ (ਧਵਨ, ਅੰਕੁਰ)-ਪੰਜਾਬ 'ਚ ਗੈਰ-ਕਾਨੂੰਨੀ ਮਾਈਨਿੰਗ ਖ਼ਿਲਾਫ਼ ਕਾਰਵਾਈ ਕਰਦਿਆਂ ਪਿਛਲੇ ਪੰਜ ਸਾਲਾਂ 'ਚ 1,845 ਐੱਫ. ਆਈ. ਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ 3,988 ਵਾਹਨ ਤੇ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪੰਜਾਬ ਭਵਨ 'ਚ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ।

ਉਨ੍ਹਾਂ ਦੱਸਿਆ ਕਿ ਗੈਰ-ਕਾਨੂੰਨੀ ਮਾਈਨਿੰਗ ਦੇ ਮਾਮਲਿਆਂ 'ਚ 28.70 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ, ਜਿਸ 'ਚੋਂ 27.33 ਕਰੋੜ ਰੁਪਏ ਵਸੂਲ ਕੀਤੇ ਜਾ ਚੁੱਕੇ ਹਨ। ਮੰਤਰੀ ਅਨੁਸਾਰ, ਸਾਲ 2022 'ਚ 735, 2023 'ਚ 458, 2024 'ਚ 294 ਅਤੇ 2025 'ਚ 111 ਐੱਫ. ਆਈ. ਆਰਜ਼ ਦਰਜ ਕੀਤੀਆਂ ਗਈਆਂ। ਸਾਲ 2026 'ਚ ਹੁਣ ਤੱਕ 247 ਮਾਮਲੇ ਦਰਜ ਕਰ ਕੇ 668 ਵਾਹਨ ਅਤੇ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ ਹਨ। ਇਸ ਦੌਰਾਨ 8.67 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਗਿਆ, ਜਿਸ 'ਚੋਂ 8.02 ਕਰੋੜ ਰੁਪਏ ਦੀ ਵਸੂਲੀ ਹੋਈ ਹੈ।

ਗੋਇਲ ਨੇ ਦੱਸਿਆ ਕਿ ਲੁਧਿਆਣਾ, ਅੰਮ੍ਰਿਤਸਰ, ਰੂਪਨਗਰ, ਆਨੰਦਪੁਰ ਸਾਹਿਬ, ਪਠਾਨਕੋਟ ਅਤੇ ਕਪੂਰਥਲਾ ਸਮੇਤ ਕਈ ਜ਼ਿਲਿਆਂ 'ਚ ਛਾਪੇਮਾਰੀ ਕੀਤੀ ਗਈ। ਇਨ੍ਹਾਂ ਕਾਰਵਾਈਆਂ 'ਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੇ. ਸੀ. ਬੀ., ਪੋਕਲੇਨ ਮਸ਼ੀਨਾਂ, ਟਿੱਪਰ ਤੇ ਟਰੈਕਟਰ ਜ਼ਬਤ ਕੀਤੇ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਸਰਕਾਰ ਗੈਰ-ਕਾਨੂੰਨੀ ਮਾਈਨਿੰਗ 'ਤੇ ਰੋਕ ਲਾਉਣ ਲਈ ਵਚਨਬੱਧ ਹੈ।

ਪੁਲਸ ਨੇ 514 ਥਾਵਾਂ 'ਤੇ ਕੀਤੀ ਛਾਪੇਮਾਰੀ, 186 ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ, 30 ਅਕਤੂਬਰ (ਅੰਕੁਰ, ਧਵਨ)-ਪੰਜਾਬ ਪੁਲਸ ਵੱਲੋਂ ਗੈਂਗਸਟਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੇ 283ਵੇਂ ਦਿਨ ਸੂਬੇ ਭਰ 'ਚ 514 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਇਸ ਦੌਰਾਨ 186 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦਕਿ 187 ਖ਼ਿਲਾਫ਼ ਇਹਤਿਆਤੀ ਕਾਰਵਾਈ ਕੀਤੀ ਗਈ। ਪੁਲਸ ਨੇ ਦੋ ਭਗੌੜੇ ਅਪਰਾਧੀਆਂ ਨੂੰ ਵੀ ਕਾਬੂ ਕੀਤਾ। ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 81,685 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਮੁਹਿੰਮ ਦੇ 608ਵੇਂ ਦਿਨ ਪੁਲਸ ਨੇ 106 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕੋਲੋਂ 440 ਗ੍ਰਾਮ ਹੈਰੋਇਨ, 400 ਗ੍ਰਾਮ ਅਫੀਮ, 108 ਨਸ਼ੀਲੀਆਂ ਗੋਲੀਆਂ ਤੇ 22,900 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਮੁਹਿੰਮ ਤਹਿਤ ਹੁਣ ਤੱਕ 89,561 ਨਸ਼ਾ ਸਮੱਗਲਰ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ 26 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ-ਵਸੇਬੇ ਲਈ ਪ੍ਰੇਰਿਤ ਕੀਤਾ ਗਿਆ।

D.No. EO/PWB/BTI/2026/2573 Date: 30/10/2026

AUCTION NOTICE

The Punjab Waqf Board intends to lease out its following properties as per the Waqf Properties Lease Rules 2020, through bids to be held on 04.11.2026 at 11:00 A.M at the premises, Punjab Waqf Board Branch Office, Bathinda.

Sr. No.	Location	Kh. No./ Property No.	Area	Purpose	Period	Reserve Price
1.	Vill. Khaira Kalan, Tehsil Sardulgarh Distt. Mansa	176/1, 176, 176 Min	64K-0M	Agricultural	3 years	Rs. 2342/- per Kanal P.A.

The interested person may contact Estate Officer, Punjab Waqf Board Bathinda at the above mentioned address. Remaining terms and conditions will be briefed on the spot prior to the start of bidding process. All the rights reserved with the Estate Officer, for cancellation of the Auction/bid.

-Sd-
Estate Officer PWB/Bathinda

'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮੁਹਿੰਮ ਨਾਲ ਹੁਣ 'ਪੰਜਾਬ ਬਚਾਓ' ਦਾ ਸੱਦਾ ਦੇਣ ਦੀ ਵੀ ਜ਼ਰੂਰਤ : ਜਾਖੜ

ਰਾਜਪੁਰਾ, 30 ਅਕਤੂਬਰ (ਚਾਵਲਾ, ਹਰਵਿੰਦਰ)- ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਰਾਜਪੁਰਾ ਵਿਖੇ ਪੰਜਾਬ ਸਰਕਾਰ 'ਤੇ ਕਾਨੂੰਨ ਵਿਵਸਥਾ, ਨਸ਼ਿਆਂ ਦੇ ਵਧ ਰਹੇ ਕਾਰੋਬਾਰ ਅਤੇ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਤਿੱਖੇ ਹਮਲੇ ਕੀਤੇ। ਭਾਜਪਾ ਦੇ ਹਲਕਾ ਇੰਚਾਰਜ ਜਗਦੀਸ਼ ਕੁਮਾਰ ਜੱਗਾ ਦੇ ਨਿਵਾਸ ਸਥਾਨ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਪਟਿਆਲਾ 'ਚ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮੁਹਿੰਮ ਦੇ ਨਾਲ ਹੁਣ 'ਪੰਜਾਬ ਬਚਾਓ' ਦਾ ਸੱਦਾ ਦੇਣ ਨੂੰ ਵੀ ਸਮੇਂ ਦੀ ਜ਼ਰੂਰਤ ਦੱਸਿਆ।


ਪੱਤਰਕਾਰਾਂ ਨੂੰ ਸੰਬੋਧਨ ਕਰਦੇ ਸੁਨੀਲ ਜਾਖੜ, ਨਾਲ ਹਲਕਾ ਇੰਚਾਰਜ ਜਗਦੀਸ਼ ਜੱਗਾ ਅਤੇ ਹੋਰ। (ਹਰਵਿੰਦਰ)

ਜਾਖੜ ਨੇ ਕਿਹਾ ਕਿ ਪੰਜਾਬ 'ਚ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਹੈ ਅਤੇ ਹਾਲਾਤ ਬੇਹੱਦ ਖ਼ਰਾਬ ਹਨ। ਸਰਕਾਰ ਅਤੇ ਪੁਲਸ ਇਸ 'ਤੇ ਰੋਕ ਲਾਉਣ 'ਚ ਪੂਰੀ ਤਰ੍ਹਾਂ ਨਾਕਾਮ ਸਾਬਿਤ ਹੋ ਰਹੀ ਹੈ। ਮਾਨਸਾ ਦੀ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਉੱਥੇ 10 ਦਿਨਾਂ ਤੋਂ ਵੱਧ ਸਮੇਂ ਤੋਂ ਇਕ ਲਾਸ਼ ਲਾਵਾਰਿਸ ਪਈ ਹੈ। ਉਨ੍ਹਾਂ ਤੰਜ਼ ਕੱਸਦਿਆਂ ਕਿਹਾ ਕਿ ਕਾਂਗਰਸ ਦਿੱਲੀ 'ਚ ਵੋਟ ਚੋਰੀ ਦਾ ਰੋਣਾ ਰੋ ਰਹੀ ਹੈ, ਜਦਕਿ ਪੰਜਾਬ 'ਚ ਤਾਂ ਲਾਸ਼ਾਂ ਚੋਰੀ ਹੋ ਰਹੀਆਂ ਹਨ। ਇਸ ਮੌਕੇ ਕੌਂਸਲਰ ਰੁਪਿੰਦਰ ਰੂਪੀ, ਕੌਂਸਲਰ ਪ੍ਰਤੀਕ ਕੁਮਾਰ, ਕੌਂਸਲਰ ਰੰਜਨਾ ਵਰਮਾ, ਦਿਨੇਸ਼ ਮਹਿਤਾ ਸਮੇਤ ਹੋਰ ਵਰਕਰ ਮੌਜੂਦ ਸਨ।

ਲੁਧਿਆਣਾ ਦੇ ਕਾਰੋਬਾਰੀ ਤੋਂ ਵਿਦੇਸ਼ੀ ਨੰਬਰ ਤੋਂ 5 ਕਰੋੜ ਦੀ ਮੰਗੀ ਫਿਰੌਤੀ, ਗੈਂਗਸਟਰ ਰੋਹਿਤ ਗੋਦਾਰਾ 'ਤੇ ਕੇਸ ਦਰਜ

ਲੁਧਿਆਣਾ, 30 ਅਕਤੂਬਰ (ਰਾਜ)- ਮਹਾਨਗਰ ਦੇ ਬਾੜੇਵਾਲ ਰੋਡ ਦੇ ਰਹਿਣ ਵਾਲੇ ਮੁੱਖ ਕਾਰੋਬਾਰੀ ਵਰੁਣ ਬੱਗਾ ਤੋਂ ਖਤਰਨਾਕ ਅੰਤਰਰਾਸ਼ਟਰੀ ਗੈਂਗਸਟਰ ਰੋਹਿਤ ਗੋਦਾਰਾ ਦੇ ਨਾਂ 'ਤੇ ਵਿਦੇਸ਼ੀ ਨੰਬਰ ਤੋਂ ਵ੍ਹਟਸਐਪ ਕਾਲ ਕਰ ਕੇ 5 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਰਾਸ਼ੀ ਨਾ ਦੇਣ 'ਤੇ ਕਾਰੋਬਾਰੀ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਕਮਿਸ਼ਨਰੇਟ ਪੁਲਸ ਦੇ ਥਾਣਾ ਸਰਾਭਾ ਨਗਰ ਨੇ ਅਣਪਛਾਤੇ ਅਤੇ ਰੋਹਿਤ ਗੋਦਾਰਾ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਵਰੁਣ ਬੱਗਾ ਨੇ ਦੱਸਿਆ ਕਿ ਬੀਤੀ 15 ਅਕਤੂਬਰ ਨੂੰ ਉਨ੍ਹਾਂ ਨੂੰ ਪੁਰਤਗਾਲ ਦੇ ਕੰਟਰੀ ਕੋਡ ਵਾਲੇ ਵਿਦੇਸ਼ੀ ਮੋਬਾਈਲ ਨੰਬਰ (+351924715342) ਤੋਂ ਵ੍ਹਟਸਐਪ ਕਾਲ ਆਈ, ਜੋ ਰੁਝੇਵੇਂ ਕਾਰਨ ਉਹ ਨਹੀਂ ਚੁੱਕ ਸਕੇ। ਇਸ ਤੋਂ ਬਾਅਦ 23 ਅਕਤੂਬਰ ਦੀ ਸ਼ਾਮ ਉਸੇ ਨੰਬਰ ਤੋਂ ਦੁਬਾਰਾ ਕਾਲ ਆਈ। ਫੋਨ ਚੁੱਕਣ 'ਤੇ ਸਾਹਮਣੇ ਵਾਲੇ ਵਿਅਕਤੀ ਨੇ ਖੁਦ ਨੂੰ ਰੋਹਿਤ ਗੋਦਾਰਾ ਦੱਸਦਿਆਂ 5 ਕਰੋੜ ਰੁਪਏ ਦੀ ਮੰਗ ਕੀਤੀ ਅਤੇ ਪੈਸੇ ਨਾ ਦੇਣ 'ਤੇ ਗੋਲੀਆਂ ਨਾਲ ਭੁੰਨਣ ਦੀ ਖੁੱਲ੍ਹੀ ਧਮਕੀ ਦਿੱਤੀ।

ਥਾਣਾ ਸਰਾਭਾ ਨਗਰ ਦੀ ਪੁਲਸ ਅਤੇ ਸਾਈਬਰ ਕ੍ਰਾਈਮ ਸੈੱਲ ਵਿਦੇਸ਼ੀ ਨੰਬਰ ਦੇ ਆਈ. ਪੀ. ਐਡਰੈੱਸ ਅਤੇ ਰੂਟ ਨੂੰ ਟਰੇਸ ਕਰਨ ਵਿਚ ਜੁਟ ਗਏ ਹਨ। ਪੁਲਸ ਅਧਿਕਾਰੀਆਂ ਅਨੁਸਾਰ ਜਾਂਚ ਕੀਤੀ ਜਾ ਰਹੀ ਹੈ ਕਿ ਕਾਲ ਅਸਲ ਵਿਚ ਵਿਦੇਸ਼ ਬੈਠੇ ਗੈਂਗਸਟਰ ਨੇ ਕੀਤੀ ਹੈ ਜਾਂ ਕਿਸੇ ਸਥਾਨਕ ਸ਼ਰਾਰਤੀ ਅਨਸਰ ਨੇ ਡਰਾ-ਧਮਕਾ ਕੇ ਪੈਸੇ ਹੜੱਪਣ ਲਈ ਉਸ ਦੇ ਨਾਂ ਦਾ ਸਹਾਰਾ ਲਿਆ ਹੈ।

ਬਾ ਅਦਾਲਤ ਜੁਆਇੰਟ ਸਬ ਰਜਿਸਟਰਾਰ, ਮਾਨਸਾ

ਵਿਸ਼ਾ: ਮੁਤਵਫੀ ਕਿਰਪਾਲ ਸਿੰਘ ਪੁੱਤਰ ਸੰਤਾ ਸਿੰਘ ਪੁੱਤਰ ਤੇਲਾ ਸਿੰਘ ਵਾਸੀ ਮਾਨਸਾ ਕਲਾਂ ਤਹਿ. ਵਾ ਜ਼ਿਲ੍ਹਾ ਮਾਨਸਾ ਵੱਲੋਂ ਲਿਖੀ ਖਾਨਗੀ ਵਸੀਅਤ ਮਿਤੀ 05.04.1992 ਨੂੰ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਸ਼੍ਰੀਮਤੀ ਰਮੇਸ਼ ਕੌਰ ਪਤਨੀ ਬਹਾਲ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ ਸੰਗਰੂਰ ਨੇ ਇਕ ਦਰਖਾਸਤ ਮਿਤੀ 30.09.2026 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਸ਼ਾ ਅਧੀਨ ਮੁਤਵਫੀ ਕਿਰਪਾਲ ਸਿੰਘ ਪੁੱਤਰ ਸੰਤਾ ਸਿੰਘ ਪੁੱਤਰ ਤੇਲਾ ਸਿੰਘ ਤਹਿ. ਵਾ ਜ਼ਿਲ੍ਹਾ ਮਾਨਸਾ ਵੱਲੋਂ ਉਸ ਦੇ ਪਤੀ ਦੇ ਹੱਕ ਵਿੱਚ ਜਾਇਦਾਦ ਸਬੰਧੀ ਲਿਖੀ ਗਈ ਵਸੀਅਤ ਖਾਨਗੀ ਮਿਤੀ 05.04.1992 ਨੂੰ ਰਜਿਸਟਰਡ ਕੀਤਾ ਜਾਵੇ। ਮੁਤਾਬਿਕ ਖਾਨਗੀ ਵਸੀਅਤ ਮੁਤਵਫੀ ਕਿਰਪਾਲ ਸਿੰਘ ਦਿਲ ਦੇ ਰੋਗ ਦਾ ਮਰੀਜ਼ ਹੈ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਅਤੇ ਚਾਹੁੰਦਾ ਹੈ ਕਿ ਉਸਦੀ ਮੌਤ ਤੋਂ ਬਾਅਦ ਉਸਦੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਦਾ ਕੋਈ ਝਗੜਾ ਪੈਦਾ ਨਾ ਹੋਵੇ। ਉਸਦੇ ਲੜਕੇ ਗੁਰਵਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਗੁਰਵਿੰਦਰ ਸਿੰਘ ਦੀ ਪਤਨੀ ਸੁਰਿੰਦਰ ਕੌਰ ਉਸਦੇ ਕਹਿਣੇ ਤੋਂ ਬਾਹਰ ਹੈ। ਅਕਸਰ ਉਹ ਪੇਕੇ ਚੱਲੀ ਜਾਂਦੀ ਹੈ। ਉਸਦਾ ਦੂਜਾ ਲੜਕਾ ਇਕਬਾਲ ਵਿਦੇਸ਼ ਵਿੱਚ ਰਹਿੰਦਾ ਹੈ। ਉਸਦੀ ਪਤਨੀ ਕੁਲਦੀਪ ਕੌਰ ਛੱਡਕੇ ਪੇਕੇ ਘਰ ਚੱਲੀ ਗਈ ਹੈ। ਉਸਦਾ ਤੀਜਾ ਲੜਕਾ ਬਹਾਦਰ ਸਿੰਘ ਅਤੇ ਉਸਦੀ ਪਤਨੀ ਰਮੇਸ਼ ਕੌਰ ਉਸਦੇ ਨਾਲ ਰਹਿੰਦੇ ਹਨ। ਉਹ ਕਿਰਪਾਲ ਸਿੰਘ ਅਤੇ ਉਸਦੀ ਪਤਨੀ ਗੁਰਵਿੰਦਰ ਕੌਰ ਦੀ ਸੇਵਾ ਸੰਭਾਲ ਕਰਦੇ ਹਨ। ਕਿਰਪਾਲ ਸਿੰਘ ਨੇ ਆਪਣੀ ਬੇਟੀ ਹਰਵਿੰਦਰ ਕੌਰ ਦੀ ਸ਼ਾਦੀ ਤੇ ਕਾਫੀ ਖਰਚ ਕੀਤਾ ਹੈ ਜੋ ਆਪਣੇ ਸਹੁਰੇ ਘਰ ਖੁਸ਼ੀ ਨਾਲ ਵਸ ਰਹੀ ਹੈ। ਕਿਰਪਾਲ ਸਿੰਘ ਨੇ ਆਪਣੀ ਪਤਨੀ ਨੂੰ ਕੁਝ ਨਗਦੀ ਅਤੇ ਸੋਨੇ ਦੇ ਗਹਿਣੇ ਆਦਿ ਦਿੱਤੇ ਹਨ ਤਾਂ ਜੋ ਆਪਣੀ ਜ਼ਿੰਦਗੀ ਸਹੀ ਬਿਤਾ ਸਕੇ। ਕਿਰਪਾਲ ਸਿੰਘ ਆਪਣੇ ਬੇਟੇ ਬਹਾਦਰ ਸਿੰਘ ਦੀ ਸੇਵਾ ਤੋਂ ਖੁਸ਼ ਹਨ ਅਤੇ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਬੇਟੇ ਬਹਾਦਰ ਸਿੰਘ ਦੇ ਨਾਮ ਕਰਦੇ ਹਨ ਉਹ ਮਾਲਕ ਵਾ ਕਾਬਜ਼ ਹੋਵੇਗਾ ਅਤੇ ਬਾਕੀ ਵਾਰਸਾਂ ਨੂੰ ਉਹ ਕੁਝ ਨਹੀਂ ਦੇਣਾ ਚਾਹੁੰਦੇ। ਰਮੇਸ਼ ਕੌਰ ਵੱਲੋਂ ਪੇਸ਼ ਕੀਤੇ ਗਏ ਮੌਤ ਸਰਟੀਫਿਕੇਟ ਦੇ ਅਨੁਸਾਰ ਕਿਰਪਾਲ ਸਿੰਘ ਦੀ ਮੌਤ ਮਿਤੀ 18.08.1992 ਨੂੰ ਹੋ ਚੁੱਕੀ ਹੈ। ਲਿਹਾਜਾ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਖਾਨਗੀ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਛੱਪਣ ਤੋਂ 20 ਦਿਨਾਂ ਦੇ ਅੰਦਰ-2 ਇਸ ਅਦਾਲਤ ਵਿੱਚ ਖੁਦ ਪੇਸ਼ ਹੋ ਕੇ ਅਸਾਲਤਨ ਜਾਂ ਵਕਾਲਤਨ ਦੇ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਪ੍ਰਾਪਤ ਹੋਏ ਕਿਸੇ ਵੀ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਪੇਸ਼ ਕੀਤੀ ਗਈ ਵਸੀਅਤ ਰਜਿਸਟ੍ਰੇਸ਼ਨ ਐਕਟ ਦੀ ਧਾਰਾ 40-41 ਤਹਿਤ ਰਜਿਸਟਰਡ ਕਰ ਦਿੱਤੀ ਜਾਵੇਗੀ। ਇਹ ਨੋਟਿਸ ਅੱਜ ਮਿਤੀ 27.10.2026 ਨੂੰ ਇਸ ਅਦਾਲਤ ਦੀ ਮੋਹਰ ਵਾ ਦਸਤਖਤਾਂ ਹੇਠ ਜਾਰੀ ਹੋਇਆ।

ਜੁਆਇੰਟ ਸਬ ਰਜਿਸਟਰਾਰ, ਮਾਨਸਾ।
ਪਿ.ਐਂ.ਨੰ.452/ਆਰ.ਸੀ. ਮਿਤੀ: 27.10.2026

ਬਾ-ਅਦਾਲਤ ਹਰਜੋਤ ਕੌਰ, ਪੀ.ਸੀ.ਐਸ., ਸਹਾਇਕ ਕੁਲੈਕਟਰ, ਦਰਜਾ ਅੱਵਲ, -ਕਮ-ਐਸ.ਡੀ.ਐਮ., ਦੁਧਨਸਾਧਾਂ।

ਕੇਸ ਦਾ ਨਾਮ:-ਇੰਤਕਾਲ ਨੰ. 844 ਪਿੰਡ ਖਰਾਬਗੜ੍ਹ ਤਹਿਸੀਲ ਦੁਧਨਸਾਧਾਂ, ਪਟਿਆਲਾ

ਵਰਾਸਤ ਬਰੂਏ ਵਸੀਅਤ ਖਾਨਗੀ ਮਿਤੀ 15.06.2025
ਮੁਤਵਫੀ ਰਾਮਧਾਰੀ ਮੌਤ ਮਿਤੀ 14.08.2025

ਨੋਟਿਸ

ਇਸ ਅਦਾਲਤ ਵਿੱਚ ਖਾਨਗੀ ਵਸੀਅਤ ਇੰਤਕਾਲ ਨੰ. 844 ਪਿੰਡ ਖਰਾਬਗੜ੍ਹ ਤਹਿਸੀਲ ਦੁਧਨਸਾਧਾਂ ਪਟਿਆਲਾ ਪ੍ਰਾਪਤ ਹੋਇਆ ਹੈ। ਇਹ ਇੰਤਕਾਲ ਮੁਤਵਫੀ ਰਾਮਧਾਰੀ ਵਾਸੀ ਪਿੰਡ ਖਰਾਬਗੜ੍ਹ ਤਹਿਸੀਲ ਦੁਧਨਸਾਧਾਂ, ਜ਼ਿਲ੍ਹਾ ਪਟਿਆਲਾ ਵੱਲੋਂ ਕੀਤੀ ਗਈ ਵਸੀਅਤ ਖਾਨਗੀ ਮਿਤੀ 15.06.2025 ਦੇ ਅਧਾਰ ਤੇ ਦਰਜ ਹੋਇਆ ਹੈ। ਇਹ ਇੰਤਕਾਲ ਗੁਰਧਿਆਨ ਸਿੰਘ ਅਤੇ ਜਗਦੀਪ ਸਿੰਘ ਪੁੱਤਰ ਰਾਮਧਾਰੀ ਦੇ ਨਾਮ ਦਰਜ ਹੋਇਆ ਹੈ। ਇਸ ਕੇਸ ਵਿੱਚ ਇਸ ਅਦਾਲਤ ਵੱਲੋਂ ਸੁਣਵਾਈ ਕੀਤੀ ਜਾ ਰਹੀ ਹੈ। ਇਸ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 11.11.2026 ਲਈ ਨਿਯਤ ਹੈ। ਇਸ ਲਈ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇੰਤਕਾਲ ਸਬੰਧੀ ਕਿਸੇ ਵੀ ਧਿਰ ਜਾਂ ਵਿਅਕਤੀ ਨੂੰ ਕੋਈ ਇਤਰਾਜ਼ ਹੈ ਜਾਂ ਉਸ ਪਾਸ ਇਸ ਰਕਬੇ ਸਬੰਧੀ ਕੋਈ ਹੋਰ ਤੱਥ ਪੇਸ਼ ਕਰਨਾ ਹੈ ਤਾਂ ਉਹ ਇਸ ਅਦਾਲਤ ਵਿੱਚ ਉਪਰੋਕਤ ਮਿਤੀ ਤੋਂ ਪਹਿਲਾਂ ਪਹਿਲਾਂ ਇਤਰਾਜ਼ ਪੇਸ਼ ਕਰ ਸਕਦੇ ਹਨ ਅਤੇ ਨਿਸ਼ਚਿਤ ਤਾਰੀਖ ਪੇਸ਼ੀ ਤੋਂ ਬਾਅਦ ਵਿੱਚ ਪ੍ਰਾਪਤ ਇਤਰਾਜ਼ ਤੇ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਇਸ ਇੰਤਕਾਲ ਸਬੰਧੀ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ 29.10.2026 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਅੱਵਲ,
ਦੁਧਨਸਾਧਾਂ।

pnb punjab national bank ...Together for the better

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ-ਪਟਿਆਲਾ
ਐੱਸ. ਸੀ. ਓ. -146, ਦੂਜੀ ਮੰਜ਼ਿਲ, ਇੰਪਰੂਵਮੈਂਟ ਟਰੱਸਟ ਕੰਪਲੈਕਸ, ਛੋਟੀ ਬਾਰਾਦਰੀ, ਪਟਿਆਲਾ-147001
ਈ-ਮੇਲ cs8296@pnb.bank.in, ਮੋ. 9015407900

ਈ-ਨਿਲਾਮੀ ਵਿਕਰੀ ਨੋਟਿਸ

ਚੱਲ/ਅਚੱਲ ਜਾਇਦਾਦ (ਾਂ) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ
ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ 9 (1) ਤੇ 8(6) ਤਹਿਤ ਆਮ ਜਨਤਾ ਨੂੰ 15/30 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਤੇ 9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਵਰਣਿਤ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਵਰਣਿਤ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਜਮ੍ਹਾ ਦਾ ਵੇਰਵਾ ਹੇਠਾਂ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦਿੱਤਾ ਜਾਵੇਗਾ।

ਵਿਕਰੀ ਵੈੱਬਸਾਈਟ https://baanknet.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 26.11.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤਕ ਕੀਤੀ ਜਾਵੇਗੀ।

ਜਾਇਦਾਦਾਂ ਦੀ ਜਾਂਚ ਦੀ ਮਿਤੀ 31.10.2026 ਤੋਂ 25.11.2026 ਸਵੇਰੇ 10.00 ਤੋਂ ਸ਼ਾਮ 5.00 ਵਜੇ ਤਕ

ਪੋਰਟਲ https://baanknet.com 'ਤੇ ਈ. ਐੱਮ. ਡੀ. ਦੀ ਪੇਸ਼ਕਾਰੀ ਅਤੇ ਆਨਲਾਈਨ ਦਸਤਾਵੇਜ਼ਾਂ ਦੀ ਜਾਂਚ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਜ਼ਰੂਰ ਹੋ ਜਾਣੀ ਚਾਹੀਦੀ ਹੈ।

ਮੈਸਰਜ਼ ਪੀ. ਐੱਸ. ਬੀ. ਅਲਾਇੰਸ ਪ੍ਰਾ. ਲਿਮ. ਮੁੰਬਈ, ਪੋਰਟਲ ਹੈਲਪਡੈਸਕ ਨੰ. +91 8291220220 ਈ-ਮੇਲ ਆਈ. ਡੀ. : support.BAANKNET@psballiance.com, ਉਪਲਬਧਤਾ : ਨਿਲਾਮੀ ਦੀ ਪ੍ਰਕਿਰਿਆ, ਰਜਿਸਟ੍ਰੇਸ਼ਨ ਸਟੇਟਸ, ਤਕਨੀਕੀ ਸਹਾਇਤਾ ਆਦਿ ਲਈ ਮਾਰਗਦਰਸ਼ਨ ਸਾਰੇ ਕੰਮ ਵਾਲੇ ਦਿਨਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤਕ।

ਸਕਿਓਰਡ ਅਸਾਮੀਆਂ ਦਾ ਵੇਰਵਾ

ਲੜੀ ਨੰ.	ਬ੍ਰਾਂਚ ਦਾ ਨਾਂ / ਅਕਾਊਂਟ ਦਾ ਨਾਂ ਅਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟੇਗਜਰ)	(ਏ) ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ / (ਬੀ) ਬਕਾਇਆ ਰਕਮ ਜਿਵੇਂ ਹੈ / (ਸੀ) ਸਰਫਾਇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ / (ਡੀ) ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	ਏ.ਆਰ.ਐੱਮ.ਬੀ.-ਪਟਿਆਲਾ ਕਰਜ਼ਦਾਰ: 1. ਮੈਸਰਜ਼ ਕਲਾ ਸ਼੍ਰੀ ਕ੍ਰਿਏਸ਼ਨਜ਼, ਇਸ ਦੀ ਮਾਲਕਣ ਸ਼੍ਰੀਮਤੀ ਵਰਿੰਦਰਜੀਤ ਕੌਰ ਪਤਨੀ ਸ਼੍ਰੀ ਮਹਿੰਦਰ ਸਿੰਘ ਰਾਹੀਂ, ਪਤਾ : ਏ. ਸੀ. ਮਾਰਕੀਟ, ਪਟਿਆਲਾ-147001, 2. ਵਰਿੰਦਰਜੀਤ ਕੌਰ ਪਤਨੀ ਮਹਿੰਦਰ ਸਿੰਘ (ਗਾਰੰਟਰ ਮੈਸਰਜ਼ ਕਲਾ ਸ਼੍ਰੀ ਕ੍ਰਿਏਸ਼ਨਜ਼ ਤੇ ਕਰਜ਼ਦਾਰ ਹਾਊਸਿੰਗ ਲੋਨ ਤੇ ਓਵਰਡ੍ਰਾਫਟ 'ਚ), ਪਤਾ 1 : ਮਕਾਨ ਨੰਬਰ 130, ਗੁਰੂ ਤੇਗ ਬਹਾਦਰ ਕਾਲੋਨੀ, ਪਟਿਆਲਾ-147001, ਪਤਾ 2 : ਮਕਾਨ ਨੰਬਰ 11, ਗਲੀ ਨੰਬਰ 4, ਗੁਰਮਤਿ ਐਨਕਲੇਵ, ਸੁਲਰ, ਪਟਿਆਲਾ-147001, 3. ਮਹਿੰਦਰ ਸਿੰਘ ਪੁੱਤਰ ਰਮੇਸ਼ਵਰ ਸਿੰਘ (ਗਾਰੰਟਰ ਮੈਸਰਜ਼ ਕਲਾ ਸ਼੍ਰੀ ਕ੍ਰਿਏਸ਼ਨਜ਼ ਤੇ ਕਰਜ਼ਦਾਰ ਹਾਊਸਿੰਗ ਲੋਨ ਤੇ ਓਵਰਡ੍ਰਾਫਟ 'ਚ), ਪਤਾ 1 : ਮਕਾਨ ਨੰਬਰ 130, ਗੁਰੂ ਤੇਗ ਬਹਾਦਰ ਕਾਲੋਨੀ, ਪਟਿਆਲਾ-147001, ਪਤਾ 2 : ਮਕਾਨ ਨੰਬਰ 11, ਗਲੀ ਨੰਬਰ 4, ਗੁਰਮਤਿ ਐਨਕਲੇਵ, ਸੁਲਰ, ਪਟਿਆਲਾ-147001, 4. ਤਾਨੀਆ ਪ੍ਰੀਤ ਕੌਰ ਪੁੱਤਰੀ ਮਹਿੰਦਰ ਸਿੰਘ (ਗਾਰੰਟਰ ਮੈਸਰਜ਼ ਕਲਾ ਸ਼੍ਰੀ ਕ੍ਰਿਏਸ਼ਨਜ਼ ਤੇ ਕਰਜ਼ਦਾਰ ਹਾਊਸਿੰਗ ਲੋਨ ਤੇ ਓਵਰਡ੍ਰਾਫਟ 'ਚ), ਪਤਾ 1 : ਮਕਾਨ ਨੰਬਰ 130, ਗੁਰੂ ਤੇਗ ਬਹਾਦਰ ਕਾਲੋਨੀ, ਪਟਿਆਲਾ-147001, ਪਤਾ 2 : ਮਕਾਨ ਨੰਬਰ 11, ਗਲੀ ਨੰਬਰ 4, ਗੁਰਮਤਿ ਐਨਕਲੇਵ, ਸੁਲਰ, ਪਟਿਆਲਾ-147001।	15.16 ਵਰਗ ਗਜ਼ ਦੀ ਪੈਮਾਇਸ਼ ਵਾਲੇ ਕਮਰਸ਼ੀਅਲ ਬੂਥ ਨੰ. 21 (ਛੱਤ ਦੇ ਅਧਿਕਾਰਾਂ ਤੋਂ ਬਿਨਾਂ ਬੇਸਮੈਂਟ), ਕੈਟਾਗਰੀ-ਬੀ ਦਾ ਸਾਰਾ ਅਹਿਮ ਹਿੱਸਾ, ਜੋ ਏ. ਸੀ. ਮਾਰਕੀਟ, ਅਦਾਲਤ ਬਾਜ਼ਾਰ, ਤਹਿਸੀਲ ਤੇ ਜ਼ਿਲਾ ਪਟਿਆਲਾ ਵਿਖੇ ਸਥਿਤ ਹੈ ਅਤੇ ਸੇਲ ਡੀਡ ਨੰ. 17331 ਮਿਤੀ 18.01.2011 ਰਾਹੀਂ ਸਬ-ਰਜਿਸਟ੍ਰਾਰ, ਤਹਿਸੀਲ ਤੇ ਜ਼ਿਲਾ ਪਟਿਆਲਾ ਕੋਲ ਵਰਿੰਦਰਜੀਤ ਕੌਰ ਪਤਨੀ ਮਹਿੰਦਰ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ। ਹੱਦਬੰਦੀ ਇੰਝ ਹੈ : ਪੂਰਬ : ਆਮ ਰਸਤਾ, ਸਾਈਡ 10'6", ਪੱਛਮ : ਰਸਤਾ, ਸਾਈਡ 10'6", ਉੱਤਰ : ਰਸਤਾ, ਸਾਈਡ 13', ਦੱਖਣ : ਦੁਕਾਨ, ਸਾਈਡ 13'।	(ਏ) 16.07.2021 (ਬੀ) 1,27,90,249.45 ਰੁਪਏ 31.03.2021 ਨੂੰ ਜਮ੍ਹਾ 01.04.2021 ਤੋਂ ਅਗਲਾ ਵਿਆਜ ਅਤੇ ਹੋਰ ਚਾਰਜਿਜ਼ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ। (ਸੀ) 22.02.2023 (ਡੀ) ਭੌਤਿਕ ਕਬਜ਼ਾ	Rs. 19,00,000/- Rs. 1,90,000/- Rs. 50,000/-	ਇਸ ਜਾਇਦਾਦ ਉੱਪਰ ਮੈਸਰਜ਼ ਕਲਾ ਸ਼੍ਰੀ ਕ੍ਰਿਏਸ਼ਨਜ਼, ਮਾਲਕਣ ਸ਼੍ਰੀਮਤੀ ਵਰਿੰਦਰਜੀਤ ਕੌਰ ਰਾਹੀਂ ਪ੍ਰਾਪਤ ਕ੍ਰੈਡਿਟ ਸਹੂਲਤ ਦੇ ਸਬੰਧ ਵਿਚ ਚਾਰਜ ਦਾ ਵਿਸਥਾਰ ਕੀਤਾ ਗਿਆ ਹੈ।
2.	ਏ.ਆਰ.ਐੱਮ.ਬੀ.-ਪਟਿਆਲਾ ਕਰਜ਼ਦਾਰ : 1. ਮੈਸਰਜ਼ ਨਿਊ ਨਵੀਨ ਟਰੇਡਰਜ਼, ਇਸ ਦੇ ਭਾਈਵਾਲਾਂ ਰਾਹੀਂ : ਸ਼੍ਰੀ ਨਵੀਨ ਗੋਇਲ ਪੁੱਤਰ ਸ਼੍ਰੀ ਇੰਦਰ ਗੋਇਲ ਅਤੇ ਸ਼੍ਰੀ ਇੰਦਰ ਗੋਇਲ ਪੁੱਤਰ ਸ਼੍ਰੀ ਸ਼ੰਕਰ ਲਾਲ, ਗੁੜ ਮੰਡੀ, ਪਟਿਆਲਾ-147001, 2. ਸ਼੍ਰੀ ਨਵੀਨ ਗੋਇਲ ਪੁੱਤਰ ਸ਼੍ਰੀ ਇੰਦਰ ਗੋਇਲ (ਨਿਊ ਨਵੀਨ ਟਰੇਡਰਜ਼ ਦੇ ਭਾਈਵਾਲ), ਪਤਾ : ਮਕਾਨ ਨੰਬਰ 1068/2, ਮੁਹੱਲਾ ਦੇਸ ਰਾਜ, ਨੇੜੇ ਅਚਾਰ ਬਾਜ਼ਾਰ, ਪਟਿਆਲਾ-147001, 3. ਸ਼੍ਰੀ ਇੰਦਰ ਗੋਇਲ ਤੇ ਸ਼੍ਰੀ ਸ਼ੰਕਰ ਲਾਲ (ਨਿਊ ਨਵੀਨ ਟਰੇਡਰਜ਼ ਦੇ ਭਾਈਵਾਲ), ਪਤਾ : ਮਕਾਨ ਨੰਬਰ 1068/2, ਮੁਹੱਲਾ ਦੇਸ ਰਾਜ, ਨੇੜੇ ਅਚਾਰ ਬਾਜ਼ਾਰ, ਪਟਿਆਲਾ-147001, 4. ਸ਼੍ਰੀਮਤੀ ਕਮਲੇਸ਼ ਰਾਣੀ ਪਤਨੀ ਸ਼੍ਰੀ ਇੰਦਰ ਗੋਇਲ (ਗਾਰੰਟਰ ਤੇ ਮਾਰਟਗੇਜਰ), ਪਤਾ : ਮਕਾਨ ਨੰਬਰ 1068/2, ਮੁਹੱਲਾ ਦੇਸ ਰਾਜ, ਨੇੜੇ ਅਚਾਰ ਬਾਜ਼ਾਰ, ਪਟਿਆਲਾ-147001।	ਸ਼੍ਰੀਮਤੀ ਕਮਲੇਸ਼ ਰਾਣੀ ਪਤਨੀ ਸ਼੍ਰੀ ਇੰਦਰ ਗੋਇਲ ਦੇ ਨਾਂ 'ਤੇ ਦਰਜ ਦੁਕਾਨ ਨੰਬਰ 4841/2 ਦੀ ਇਕਵੀਟੇਬਲ ਮਾਰਟਗੇਜ, ਜਿਸ ਦਾ ਰਕਬਾ ਵਿਕਰੀ ਡੀਡ ਅਨੁਸਾਰ 40 ਵਰਗ ਗਜ਼ ਅਤੇ ਮੌਕੇ 'ਤੇ 38 ਵਰਗ ਗਜ਼ ਹੈ, ਜੋ ਕਿ ਨਗਰ ਕੌਂਸਲ ਦੀ ਹੱਦਾਂ ਅੰਦਰ, ਕਟੜਾ ਨੌਹਰੀਆਂ, ਗੁੜ ਮੰਡੀ, ਜ਼ਿਲਾ ਪਟਿਆਲਾ ਵਿਖੇ ਸਥਿਤ ਹੈ। ਉਕਤ ਜਾਇਦਾਦ ਦੀ ਰਜਿਸਟਰੀ ਸਬ-ਰਜਿਸਟਰਾਰ ਪਟਿਆਲਾ ਦੇ ਦਫਤਰ ਵਿਖੇ ਵਿਕਰੀ ਡੀਡ ਨੰਬਰ 5650 ਮਿਤੀ 20.10.1994 ਰਾਹੀਂ ਦਰਜ ਹੈ। ਜਾਇਦਾਦ ਦੀਆਂ ਹੱਦਾਂ ਹੇਠ ਲਿਖੇ ਅਨੁਸਾਰ ਹਨ : ਪੂਰਬ : ਸ਼੍ਰੀ ਮੇਲਾ ਰਾਮ ਐਂਡ ਸੰਜ ਦੀ ਸਾਂਝੀ ਕੰਧ, 11 ਫੁੱਟ, ਪੱਛਮ : ਸੜਕ, 13 ਫੁੱਟ, ਉੱਤਰ : ਸ਼੍ਰੀ ਦੇਸ ਰਾਜ ਤੇ ਸ਼੍ਰੀ ਭੂਸ਼ਣ ਕੁਮਾਰ ਦੀ ਸਾਂਝੀ ਕੰਧ, 27 ਫੁੱਟ 9 ਇੰਚ, ਦੱਖਣ : ਸ਼੍ਰੀਮਤੀ ਆਸ਼ਾ ਰਾਣੀ ਤੇ ਸ਼੍ਰੀ ਵੇਦ ਪ੍ਰਕਾਸ਼ ਦੀ ਸਾਂਝੀ ਕੰਧ, 27 ਫੁੱਟ 9 ਇੰਚ।	(ਏ) 17.09.2021 (ਬੀ) 61,37,622.55 ਰੁਪਏ 31.08.2021 ਨੂੰ ਜਮ੍ਹਾ 01.09.2021 ਤੋਂ ਅਗਲਾ ਵਿਆਜ ਅਤੇ ਨਿਮਨਹਸਤਾਖਰੀ ਨੂੰ ਲੱਗੇ ਹੋਰ ਚਾਰਜਿਜ਼ ਤੇ ਲਾਗਤਾਂ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ। (ਸੀ) 02.04.2022 (ਡੀ) ਸੰਕੇਤਕ ਕਬਜ਼ਾ	Rs. 64,60,000/- Rs. 6,46,000/- Rs. 1,00,000/-	ਉਕਤ ਇਕ ਐੱਸ. ਏ. (ਸਕਿਓਰਟਾਈਜ਼ੇਸ਼ਨ ਐਪਲੀਕੇਸ਼ਨ) ਨੰਬਰ 68/2026, ਜਿਸ ਦਾ ਸਿਰਲੇਖ 'ਮੈਸਰਜ਼ ਨਿਊ ਨਵੀਨ ਟਰੇਡਰਜ਼ ਤੇ ਹੋਰ ਬਨਾਮ ਪੰਜਾਬ ਨੈਸ਼ਨਲ ਬੈਂਕ' ਹੈ, ਮਿਤੀ 25.11.2026 ਨੂੰ ਡੀ. ਆਰ. ਟੀ., ਚੰਡੀਗੜ੍ਹ ਵਿਖੇ ਵਿਚਾਰ ਅਧੀਨ ਹੈ।
3.	ਏ.ਆਰ.ਐੱਮ.ਬੀ.-ਪਟਿਆਲਾ ਮੈਸਰਜ਼ ਰਾਜ ਟ੍ਰੇਡਿੰਗ ਕੰਪਨੀ, ਆਪਣੇ ਪ੍ਰੋਪਰਾਈਟਰ ਸ਼੍ਰੀਮਤੀ ਪਰਮਜੀਤ ਕੌਰ ਉਰਫ਼ ਪਰਮਜੀਤ ਕੌਰ ਰਾਹੀਂ, ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ, ਪਿਨ ਕੋਡ-140401। 2. ਸ਼੍ਰੀਮਤੀ ਪਰਮਜੀਤ ਕੌਰ ਉਰਫ਼ ਪਰਮਜੀਤ ਕੌਰ, ਪਤਨੀ ਸ਼੍ਰੀ ਸੁਰਿੰਦਰ ਸਿੰਘ, ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ, ਪਿਨ ਕੋਡ-140401। 3. ਸ਼੍ਰੀ ਦਲੀਪ ਸਿੰਘ ਪੁੱਤਰ ਸ਼੍ਰੀ ਰਣਜੀਤ ਸਿੰਘ (ਗਾਰੰਟਰ), ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ, ਪਿਨ ਕੋਡ-140401। 4. ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ (ਗਾਰੰਟਰ), ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ, ਪਿਨ ਕੋਡ-140401।	ਗਿਰਵੀ ਰੱਖੀ ਜਾਇਦਾਦ (EQM): ਪਿੰਡ ਸੈਦਖੇੜੀ, ਡੀ.ਏ.ਵੀ. ਸਕੂਲ ਦੇ ਸਾਹਮਣੇ, ਰਾਜਪੁਰਾ ਵਿਖੇ ਸਥਿਤ ਕੁੱਲ 934 ਵਰਗ ਗਜ਼ ਵਪਾਰਕ ਜਾਇਦਾਦ। ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: 1. ਪਲਾਟ 03-6/50 ਬਿਸਵਾ (156 ਵਰਗ ਗਜ਼) ਮਾਪ ਵਾਲਾ ਪਲਾਟ, ਜੋ ਕਿ 01 ਬਿੱਘੇ ਵਿਚੋਂ 156/1000 ਹਿੱਸਾ ਹੈ ਅਤੇ ਜਿਸ ਵਿਚ ਖੇਵਟ-ਖਤੌਨੀ ਨੰਬਰ 1318/805, ਖਸਰਾ ਨੰਬਰ 1528/383 ਮਿਨ (1-0) ਸ਼ਾਮਲ ਹੈ। ਜਮ੍ਹਾਬੰਦੀ ਸਾਲ 2007-2008 ਅਨੁਸਾਰ, ਇਹ ਜਾਇਦਾਦ ਮਾਲ ਮਹਿਕਮੇ ਦੇ ਰਿਕਾਰਡ ਵਿਚ ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ ਦੀ ਹੱਦਬਸਤ ਵਿਚ ਸਥਿਤ ਹੈ ਅਤੇ ਵਸੀਕਾ ਨੰਬਰ 138 ਮਿਤੀ 12/04/2010 ਰਾਹੀਂ ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਦੇ ਨਾਮ ਦਰਜ ਹੈ। ਹੱਦਬੰਦੀ: ਉੱਤਰ: ਸੁੱਚਾ ਸਿੰਘ, ਦੱਖਣ: 20 ਫੁੱਟ ਚੌੜੀ ਸੜਕ, ਪੂਰਬ: ਸੁੱਚਾ ਸਿੰਘ, ਪੱਛਮ: 20 ਫੁੱਟ ਚੌੜੀ ਸੜਕ, ਮਾਪ: 35 ਫੁੱਟ X 40 ਫੁੱਟ। 2. ਪਲਾਟ ਕੁੱਲ 03 ਬਿੱਘਾ 15-28/50 ਬਿਸਵਾ ਮਾਪ ਵਾਲਾ ਪਲਾਟ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: (a) (i) 0 ਬਿੱਘਾ-10-11/50 ਬਿਸਵਾ, ਅਰਥਾਤ 18 ਬਿੱਘਾ 15 ਬਿਸਵਾ ਵਿਚੋਂ 511/18750 ਹਿੱਸਾ, ਜਿਸ ਵਿਚ ਖੇਵਟ-ਖਤੌਨੀ ਨੰਬਰ 281/592 ਅਤੇ ਖਸਰਾ ਨੰਬਰ 376 (6-5), 378 (6-5), 381 (6-5) ਸ਼ਾਮਲ ਹਨ। ਅਤੇ (ii) 0 ਬਿੱਘਾ 5-17/50 ਬਿਸਵਾ, ਅਰਥਾਤ 1 ਬਿੱਘੇ ਵਿਚੋਂ 267/1000 ਹਿੱਸਾ, ਜਿਸ ਵਿਚ ਖੇਵਟ-ਖਤੌਨੀ ਨੰਬਰ 281/797 ਅਤੇ ਖਸਰਾ ਨੰਬਰ 1528/383 ਮਿਨ (1-0) ਸ਼ਾਮਲ ਹਨ। ਜਮ੍ਹਾਬੰਦੀ ਸਾਲ 1997-1998 ਅਨੁਸਾਰ, ਇਹ ਜਾਇਦਾਦ ਮਾਲ ਮਹਿਕਮੇ ਦੇ ਰਿਕਾਰਡ ਵਿਚ ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ ਦੀ ਹੱਦਬਸਤ ਵਿਚ ਸਥਿਤ ਹੈ ਅਤੇ ਵਸੀਕਾ ਨੰਬਰ 6362 ਮਿਤੀ 11-11-2004 ਰਾਹੀਂ ਸੁੱਚਾ ਸਿੰਘ ਅਤੇ ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਦੇ ਨਾਮ ਦਰਜ ਹੈ। (b) 0 ਬਿੱਘਾ-7-39/50 ਬਿਸਵਾ ਮਾਪ ਵਾਲਾ ਪਲਾਟ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: (i) 0 ਬਿੱਘਾ-5-5/50 ਬਿਸਵਾ, ਅਰਥਾਤ 18 ਬਿੱਘਾ 15 ਬਿਸਵਾ ਵਿਚ 255/18750-1/2 ਹਿੱਸਾ, ਜਿਸ ਵਿਚ ਖੇਵਟ-ਖਤੌਨੀ ਨੰਬਰ 318/641 ਅਤੇ ਖਸਰਾ ਨੰਬਰ 376 (6-5), 378 (6-5), 381 (6-5) ਸ਼ਾਮਲ ਹਨ। ਅਤੇ (ii) 0 ਬਿੱਘਾ-2-33-1/2/50 ਬਿਸਵਾ, ਅਰਥਾਤ 1 ਬਿੱਘੇ 'ਚੋਂ 133/1000 ਹਿੱਸਾ, ਜਿਸ 'ਚ ਖੇਵਟ-ਖਤੌਨੀ ਨੰਬਰ 318/797 ਅਤੇ ਖਸਰਾ ਨੰਬਰ 1528/383 ਮਿਨ (1-0) ਸ਼ਾਮਲ ਹਨ। ਜਮ੍ਹਾਬੰਦੀ ਸਾਲ 2002-2003 ਅਨੁਸਾਰ, ਇਹ ਜਾਇਦਾਦ ਮਾਲ ਮਹਿਕਮੇ ਦੇ ਰਿਕਾਰਡ 'ਚ ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ ਦੀ ਹੱਦਬਸਤ ਵਿਚ ਸਥਿਤ ਹੈ ਅਤੇ ਵਸੀਕਾ ਨੰਬਰ 5311 ਮਿਤੀ 05.11.2007 ਰਾਹੀਂ ਸੁੱਚਾ ਸਿੰਘ ਅਤੇ ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ ਦੇ ਨਾਮ ਦਰਜ ਹੈ। ਨੋਟ: ਰਪਟ ਨੰਬਰ 210 ਮਿਤੀ 02/02/2015 ਰਾਹੀਂ ਆਬਕਾਰੀ ਅਤੇ ਕਰ ਵਿਭਾਗ ਵੱਲੋਂ 267 ਵਰਗ ਗਜ਼ ਮਾਪ ਵਾਲੀ ਜਾਇਦਾਦ ਨੂੰ 4,52,506/- ਰੁਪਏ ਦੀ ਰਕਮ ਦੀ ਵਸੂਲੀ ਦੇ ਸਬੰਧ ਵਿਚ ਕੁਰਕ ਕੀਤਾ ਗਿਆ ਹੈ। ਰਪਟ ਨੰਬਰ 210 ਮਿਤੀ 02/02/2015 ਰਾਹੀਂ ਆਬਕਾਰੀ ਅਤੇ ਕਰ ਵਿਭਾਗ ਵੱਲੋਂ 511 ਵਰਗ ਗਜ਼ ਮਾਪ ਵਾਲੀ ਜਾਇਦਾਦ ਨੂੰ ਵੀ 4,52,506/- ਰੁਪਏ ਦੀ ਰਕਮ ਦੀ ਵਸੂਲੀ ਦੇ ਸਬੰਧ ਵਿਚ ਕੁਰਕ ਕੀਤਾ ਗਿਆ ਹੈ। ਰਪਟ ਨੰਬਰ 418 ਮਿਤੀ 15.04.2021 ਰਾਹੀਂ ਸਿਵਲ ਅਦਾਲਤ, ਪਟਿਆਲਾ ਵਿਚ 2,11,666/- ਰੁਪਏ ਦੀ ਰਕਮ ਦੀ ਵਸੂਲੀ ਲਈ ਜਾਇਦਾਦ ਕੁਰਕ ਕੀਤੀ ਗਈ ਹੈ।	(ਏ) 30.01.2015 (ਬੀ) ਬਕਾਇਆ ਰਕਮ: 31/12/2014 ਤੱਕ 97,47,898/- ਰੁਪਏ, ਇਸ ਤੋਂ ਇਲਾਵਾ 01/01/2015 ਤੋਂ ਅੱਗੇ ਦਾ ਵਿਆਜ ਅਤੇ ਹੋਰ ਖਰਚੇ, ਜੇਕਰ ਕੋਈ ਵਸੂਲੀ ਹੋਈ ਹੋਵੇ ਤਾਂ ਉਸ ਨੂੰ ਘਟਾ ਕੇ, ਪੂਰੀ ਅਦਾਇਗੀ ਹੋਣ ਤੱਕ। (ਸੀ) 30.06.2015 (ਡੀ) ਭੌਤਿਕ ਕਬਜ਼ਾ	Rs. 1,46,30,000/- Rs. 14,63,000/- Rs. 1,00,000/-	ਮੈਸਰਜ਼ ਨੀਲਕੰਠ ਟ੍ਰੇਡਿੰਗ ਕੰਪਨੀ। ਮੈਸਰਜ਼ ਆਸ਼ੀਰਵਾਦ ਟ੍ਰੇਡਰਜ਼। ਮੈਸਰਜ਼ ਗਲੋਬਲ ਐਕਸਪੋਰਟਸ। ਜਨਰੇਟਰ ਲਈ ਸ਼੍ਰੀ ਭੁਪਿੰਦਰ ਸਿੰਘ ਨੂੰ ਦਿੱਤਾ ਗਿਆ ਟਰਮ ਲੋਨ।
4.	ਏ.ਆਰ.ਐੱਮ.ਬੀ.-ਪਟਿਆਲਾ 1. ਮੈਸਰਜ਼ ਅਮਿਤ ਕਾਕੜਾ ਪੁੱਤਰ ਸ਼੍ਰੀ ਰੋਸ਼ਨ ਲਾਲ ਕਾਕੜਾ (ਕਰਜ਼ਦਾਰ) ਪਤਾ: ਮਕਾਨ ਨੰਬਰ ਐੱਚ ਐੱਨ 14 ਈ, ਰਤਨ ਨਗਰ, ਪਟਿਆਲਾ - 147001। 2. ਸ਼੍ਰੀ ਜਗਦੀਸ਼ ਸਿੰਘ ਪੁੱਤਰ ਸ਼੍ਰੀ ਸੰਤੋਖ ਸਿੰਘ (ਅਮਿਤ ਕਾਕੜਾ ਅਤੇ ਸੋਨੀਆ ਦੇ ਗਾਰੰਟਰ) ਪਤਾ: ਮਕਾਨ ਨੰਬਰ 251, ਆਦਰਸ਼ ਨਗਰ-ਬੀ, ਅਬਲੋਵਾਲ, ਪਟਿਆਲਾ - 147001। 3. ਸ਼੍ਰੀਮਤੀ ਸੋਨੀਆ ਪਤਨੀ ਸ਼੍ਰੀ ਅਮਿਤ ਕਾਕੜਾ (ਸਹਿ-ਕਰਜ਼ਦਾਰ) ਪਤਾ: ਮਕਾਨ ਨੰਬਰ ਐੱਚ ਐੱਨ 14 ਈ, ਰਤਨ ਨਗਰ, ਪਟਿਆਲਾ - 147001।	100 ਵਰਗ ਗਜ਼ ਦੇ ਰਿਹਾਇਸ਼ੀ ਮਕਾਨ ਦੀ ਬਰਾਬਰ ਦੀ ਗਿਰਵੀ, ਜੋ ਕਿ ਕੁੱਲ 1 ਬਿੱਘਾ 9 ਬਿਸਵਾ 10 ਬਿਸਵਾਂਸੀ ਜ਼ਮੀਨ 'ਚੋਂ 2/29-1/2 ਹਿੱਸਾ ਹੈ ਅਤੇ ਜੋ ਖੇਵਟ ਨੰਬਰ 511/484, ਖਤੌਨੀ ਨੰਬਰ 1149, ਖਸਰਾ ਨੰਬਰ 300 ਮਿਨ (1-9-10), ਕੁੱਲ ਕਿੱਤੇ 1 ਵਿਚ ਸ਼ਾਮਲ ਹੈ। ਸਾਲ 2013-2014 ਦੀ ਜਮ੍ਹਾਬੰਦੀ ਅਨੁਸਾਰ, ਇਹ ਜਾਇਦਾਦ ਏਕਤਾ ਨਗਰ C (ਅਲੀਪੁਰ ਅਰਾਈਆਂ), ਪਟਿਆਲਾ ਵਿਖੇ ਸਥਿਤ ਹੈ ਅਤੇ ਸ਼੍ਰੀ ਅਮਿਤ ਕਾਕੜਾ ਪੁੱਤਰ ਸ਼੍ਰੀ ਰੋਸ਼ਨ ਲਾਲ ਕਾਕੜਾ ਅਤੇ ਸ਼੍ਰੀਮਤੀ ਸੋਨੀਆ ਪਤਨੀ ਸ਼੍ਰੀ ਅਮਿਤ ਕਾਕੜਾ ਦੇ ਨਾਮ 'ਤੇ ਦਰਜ ਹੈ। ਇਹ ਜਾਇਦਾਦ ਵਿਕਰੀ ਵਸੀਕਾ ਨੰਬਰ 15658 ਮਿਤੀ 20/02/2020 ਰਾਹੀਂ ਖਰੀਦੀ ਗਈ ਸੀ, ਜੋ ਸਬ-ਰਜਿਸਟਰਾਰ, ਤਹਿਸੀਲ ਅਤੇ ਜ਼ਿਲਾ ਪਟਿਆਲਾ ਦੇ ਦਫ਼ਤਰ ਵਿਖੇ ਰਜਿਸਟਰਡ ਹੈ। ਜਾਇਦਾਦ ਦੀਆਂ ਹੱਦਾਂ ਹੇਠ ਲਿਖੇ ਅਨੁਸਾਰ ਹਨ: ਉੱਤਰ: ਬਣਿਆ ਹੋਇਆ ਮਕਾਨ, ਸਾਈਡ 18 ਫੁੱਟ। ਦੱਖਣ: ਸੜਕ 20 ਫੁੱਟ, ਸਾਈਡ 18 ਫੁੱਟ। ਪੂਰਬ: ਅਨੀਤਾ ਗੌਤਮ ਦਾ ਪਲਾਟ, ਸਾਈਡ 50 ਫੁੱਟ। ਪੱਛਮ: ਅਲਕਾ ਰਾਣੀ ਦਾ ਪਲਾਟ, ਸਾਈਡ 50 ਫੁੱਟ।	(ਏ) 29.10.2022 (ਬੀ) ਮਿਤੀ 30.09.2022 ਤੱਕ 20,85,663.04 ਰੁਪਏ ਜਮ੍ਹਾ 01.10.2022 ਤੋਂ ਅਗਲਾ ਵਿਆਜ ਅਤੇ ਨਿਮਨਹਸਤਾਖਰੀ ਵੱਲੋਂ ਕੀਤੇ ਗਏ ਹੋਰ ਖਰਚੇ ਤੇ ਲਾਗਤਾਂ ਮਨਫੀ ਵਸੂਲੀ (ਜੇ ਕੋਈ ਹੋਵੇ) ਮੁਕੰਮਲ ਭੁਗਤਾਨ ਨਾ ਹੋਣ ਤਕ। (ਸੀ) 04.02.2023 (ਡੀ) ਸੰਕੇਤਕ ਕਬਜ਼ਾ	Rs. 17,68,000/- Rs. 1,76,800/- Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
5.	ਏ.ਆਰ.ਐੱਮ.ਬੀ.-ਪਟਿਆਲਾ 1) ਮੈਸਰਜ਼ ਬਾਂਸਲ ਰਾਈਸ ਮਿਲ, ਰਾਹੀਂ, ਹਿਸੇਦਾਰ ਸ਼੍ਰੀ ਸੰਦੀਪ ਕੁਮਾਰ ਤੇ ਸ਼੍ਰੀ ਅਮਨਦੀਪ ਬਾਂਸਲ ਭਲੂਰ ਰੋਡ, ਭੁਟਾਲ ਕਲਾਂ, ਲਹਿਰਾਗਾਗਾ-148031, 2) ਸ਼੍ਰੀ ਸੰਦੀਪ ਕੁਮਾਰ (ਭਾਈਵਾਲ) ਪੁੱਤਰ ਸ਼੍ਰੀ ਕੇਡਾ ਨਾਥ, ਪਤਾ : ਮਕਾਨ ਨੰਬਰ 138/2, ਭੁਟਾਲੀਆਂ ਮੁਹੱਲਾ, ਵਾਰਡ ਨੰਬਰ 5, ਲਹਿਰਾਗਾਗਾ, ਜ਼ਿਲਾ ਸੰਗਰੂਰ, 3) ਸ਼੍ਰੀ ਅਮਨਦੀਪ ਬਾਂਸਲ (ਭਾਈਵਾਲ) ਪੁੱਤਰ ਸ਼੍ਰੀ ਬਦਰੀ ਪ੍ਰਸਾਦ, ਪਤਾ : ਮਕਾਨ ਨੰਬਰ 258, ਜਾਖਲ ਰੋਡ, ਭੋਜਾ ਡੀ. ਏ. ਹਸਪਤਾਲ ਦੇ ਨੇੜੇ, ਵਾਰਡ ਨੰਬਰ 4, ਸੁਨਾਮ-148028, 4) ਸ਼੍ਰੀਮਤੀ ਮੰਜੂ ਬਾਂਸਲ (ਗਾਰੰਟਰ) ਪਤਨੀ ਸ਼੍ਰੀ ਅਮਨਦੀਪ ਬਾਂਸਲ, ਪਤਾ : ਮਕਾਨ ਨੰਬਰ 258, ਜਾਖਲ ਰੋਡ, ਭੋਜਾ ਡੀ. ਏ. ਹਸਪਤਾਲ ਦੇ ਨੇੜੇ, ਵਾਰਡ ਨੰਬਰ 4, ਸੁਨਾਮ-148028, 5) ਸ਼੍ਰੀ ਬਦਰੀ ਪ੍ਰਸਾਦ (ਗਾਰੰਟਰ) ਪੁੱਤਰ ਸ਼੍ਰੀ ਬ੍ਰਿਜ ਲਾਲ, ਪਤਾ : ਮਕਾਨ ਨੰਬਰ 258, ਜਾਖਲ ਰੋਡ, ਭੋਜਾ ਡੀ. ਏ. ਹਸਪਤਾਲ ਦੇ ਨੇੜੇ, ਵਾਰਡ ਨੰਬਰ 4, ਸੁਨਾਮ-148028, 6) ਸ਼੍ਰੀਮਤੀ ਮਾਇਆ ਬਾਂਸਲ (ਗਾਰੰਟਰ) ਪਤਨੀ ਸ਼੍ਰੀ ਬਦਰੀ ਪ੍ਰਸਾਦ, ਪਤਾ : ਮਕਾਨ ਨੰਬਰ 258, ਜਾਖਲ ਰੋਡ, ਭੋਜਾ ਡੀ. ਏ. ਹਸਪਤਾਲ ਦੇ ਨੇੜੇ, ਵਾਰਡ ਨੰਬਰ 4, ਸੁਨਾਮ-148028, 7) ਸ਼੍ਰੀ ਪਵਨ ਕੁਮਾਰ (ਗਾਰੰਟਰ) ਪੁੱਤਰ ਸ਼੍ਰੀ ਜਗਨ ਨਾਥ, ਪਤਾ : ਮਾਸਟਰ ਕਾਲੋਨੀ, ਵਾਰਡ ਨੰਬਰ 5, ਲਹਿਰਾਗਾਗਾ-148031, 8) ਸ਼੍ਰੀਮਤੀ ਨਿਰਮਲਾ ਦੇਵੀ (ਗਾਰੰਟਰ) ਪਤਨੀ ਸ਼੍ਰੀ ਕੇਦਾਰ ਨਾਥ, ਪਤਾ : ਮਕਾਨ ਨੰਬਰ 138/2, ਭੁਟਾਲੀਆਂ ਮੁਹੱਲਾ, ਵਾਰਡ ਨੰਬਰ 5, ਲਹਿਰਾਗਾਗਾ, ਜ਼ਿਲਾ ਸੰਗਰੂਰ।	120.55 ਵਰਗ ਗਜ਼ ਦੀ ਪੈਮਾਇਸ਼ ਵਾਲੀ ਰਿਹਾਇਸ਼ੀ ਜਾਇਦਾਦ, ਜੋ ਵਾਰਡ ਨੰ. 5, ਭੁਟਾਲੀਆ ਮੁਹੱਲਾ, ਲਹਿਰਾ, ਤਹਿਸੀਲ ਲਹਿਰਾ, ਜ਼ਿਲਾ ਸੰਗਰੂਰ ਵਿਖੇ ਸਥਿਤ ਹੈ ਅਤੇ ਟਰਾਂਸਫਰ ਡੀਡ ਨੰ. 1303 ਮਿਤੀ 07.12.2015 ਰਾਹੀਂ ਨਿਰਮਲਾ ਦੇਵੀ ਪਤਨੀ ਕੇਦਾਰ ਨਾਥ ਦੇ ਨਾਲ ਸਬੰਧਤ ਹੈ। ਪੂਰਬ : ਈਸ਼ਰ ਦਾਸ ਪੁੱਤਰ ਰਾਮ ਕਿਸ਼ਨ ਦਾ ਮਕਾਨ ਸਾਈਡ 70', ਪੱਛਮ : ਕ੍ਰਿਸ਼ਨ ਲਾਲ ਪੁੱਤਰ ਹੰਸ ਰਾਜ ਦਾ ਮਕਾਨ ਸਾਈਡ 70', ਉੱਤਰ : ਮੁਨੀਸ਼ ਗੁਪਤਾ, ਰੋਹਿਤ ਗੁਪਤਾ ਦੀ ਦੁਕਾਨ ਸਾਈਡ 15'-6", ਦੱਖਣ : ਗਲੀ ਸਾਈਡ 15'-6"।	(ਏ) 03.06.2021 (ਬੀ) 7,57,16,539.40 ਰੁਪਏ 31.05.2021 ਨੂੰ 01.05.2021 ਤੋਂ ਲਾਗੂ ਅਗਲੇ ਵਿਆਜ ਤੇ ਚਾਰਜਿਜ਼ ਸਮੇਤ। (ਸੀ) 15.09.2021 (ਡੀ) ਸੰਕੇਤਕ ਕਬਜ਼ਾ	Rs. 45,00,000/- Rs. 4,50,000/- Rs. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ

ਨਿਯਮ ਅਤੇ ਸ਼ਰਤਾਂ : 1. ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਨਿਯਮ 2002 'ਚ ਦਰਸਾਈਆਂ ਗਈਆਂ ਸ਼ਰਤਾਂ ਅਤੇ ਨਿਯਮਾਂ ਮੁਤਾਬਕ ਹੋਵੇਗੀ। ਨਾਲ ਹੀ ਹੇਠ ਲਿਖੀਆਂ ਸ਼ਰਤਾਂ ਮੁਤਾਬਕ ਵੀ ਇਹ ਹੋਵੇਗੀ। 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿਥੇ ਹੈ', 'ਜੋ ਹੈ ਜਿਥੇ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੋਵੇਗੀ। 3. ਸਕਿਓਰਡ ਐਸੇਟਸ ਦੇ ਜੋ ਵੇਰਵੇ ਉਪਰੋਕਤ ਸ਼ਡਿਊਲ 'ਚ ਦਿੱਤੇ ਗਏ ਹਨ, ਅਧਿਕਾਰਤ ਅਧਿਕਾਰੀ ਦੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਕ ਹਨ ਪਰ ਅਧਿਕਾਰਤ ਅਧਿਕਾਰੀ ਕਿਸੇ ਗਲਤੀ, ਗਲਤ ਬਿਆਨਬਾਜ਼ੀ ਜਾਂ ਐਲਾਨਨਾਮੇ 'ਚ ਕੋਈ ਕੋਤਾਹੀ ਲਈ ਜਵਾਬਦੇਹ ਨਹੀਂ ਹੋਵੇਗਾ। 4. ਵਿਕਰੀ ਨਿਮਨਹਸਤਾਖਰੀ ਵਲੋਂ ਈ-ਨਿਲਾਮੀ ਪਲੇਟਫਾਰਮ ਰਾਹੀਂ 26.11.2026 ਨੂੰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਵੈੱਬਸਾਈਟ https://BAANKNET.com 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://BAANKNET.com ਦਾ ਹਵਾਲਾ ਲਵੋ। 5. ਰਾਖਵੀਂ ਕੀਮਤ ਤੋਂ ਉੱਪਰ ਅਤੇ ਵੱਧ, ਘੱਟੋ-ਘੱਟ ਇਕ ਬੋਲੀ ਦੀ ਰਕਮ ਲਾਜ਼ਮੀ ਹੈ। ਬਕਾਇਆ ਚਾਰਜਿਜ਼/ਬਿਜਲੀ ਦਾ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਸਹਿਣ ਕੀਤੇ ਜਾਣਗੇ।

ਸਰਫੇਸੀ ਐਕਟ, 2002 ਦੇ ਰੂਲ 9(1) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 30.10.2026 ਸਥਾਨ : ਪਟਿਆਲਾ ਅਧਿਕਾਰਤ ਅਫਸਰ, ਪੰਜਾਬ ਨੈਸ਼ਨਲ ਬੈਂਕ (ਸਕਿਓਰਿਡ ਕ੍ਰੈਡਿਟਰਜ਼)